ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2423 | 3 April, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਟਰੰਪ ਨੇ ਅਟਾਰਨੀ ਜਨਰਲ ਪੈਮ ਬੋਂਡੀ ਨੂੰ ਅਹੁਦੇ ਤੋਂ ਹਟਾਇਆ

ਵਾਸ਼ਿੰਗਟਨ ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਟਾਰਨੀ ਜਨਰਲ ਪੈਮ ਬੋਂਡੀ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ ਇਹ ਫੈਸਲਾ ਜੈਫਰੀ ਐਪਸਟਾਈਨ ਕੇਸ ਨਾਲ ਸਬੰਧਤ ਫਾਈਲਾਂ ਨੂੰ ਸੰਭਾਲਣ ਦੇ ਤਰੀਕੇ ਦੇ ਕਾਰਨ ਹੋਇਆ ਹੈ। ਟਰੰਪ ਪ੍ਰਸ਼ਾਸਨ ਨੂੰ ਲੱਗਾ ਕਿ ਐਪਸਟਾਈਨ ਕੇਸ ਅਤੇ ਸਬੰਧਤ ਦਸਤਾਵੇਜ਼ਾਂ ਦੀ ਜਾਂਚ ਗਲਤ ਢੰਗ ਨਾਲ ਕੀਤੀ ਗਈ ਸੀ। ਇਸ ਨਾਲ ਟਰੰਪ ਨਾਰਾਜ਼ ਹੋ ਗਏ ਅਤੇ ਉਸਨੇ ਸਖ਼ਤ ਕਾਰਵਾਈ ਕਰਦਿਆਂ ਬੌਂਡੀ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਹੈ।



ਜੈਫਰੀ ਐਪਸਟਾਈਨ ਨਿਊਯਾਰਕ ਦਾ ਇੱਕ ਕਰੋੜਪਤੀ ਫਾਈਨਾਂਸਰ ਸੀ ਜਿਸਦੀ ਪ੍ਰਮੁੱਖ ਸਿਆਸਤਦਾਨਾਂ ਅਤੇ ਮਸ਼ਹੂਰ ਹਸਤੀਆਂ ਨਾਲ ਦੋਸਤੀ ਸੀ। ਉਸ 'ਤੇ 2005 ਵਿੱਚ ਇੱਕ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਸੀ। 2008 ਵਿੱਚ, ਉਸਨੂੰ ਇੱਕ ਨਾਬਾਲਗ ਤੋਂ ਸੈਕਸ ਦੀ ਮੰਗ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਸਨੇ 13 ਮਹੀਨੇ ਕੈਦ ਦੀ ਸਜ਼ਾ ਕੱਟੀ ਸੀ। 2019 ਵਿੱਚ, ਜੈਫਰੀ ਨੂੰ ਸੈਕਸ ਤਸਕਰੀ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਪਰ ਉਸਦੇ ਮੁਕੱਦਮੇ ਤੋਂ ਪਹਿਲਾਂ ਹੀ ਜੇਲ੍ਹ ਵਿੱਚ ਖੁਦਕੁਸ਼ੀ ਕਰ ਲਈ। ਉਸਦੀ ਸਾਥੀ, ਗਿਸਲੇਨ ਮੈਕਸਵੈੱਲ, ਨੂੰ 2021 ਵਿੱਚ ਉਸਦੀ ਮਦਦ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਹ 20 ਸਾਲ ਦੀ ਸਜ਼ਾ ਕੱਟ ਰਹੀ ਹੈ।

# ਚੰਡੀਗੜ੍ਹ ਭਾਜਪਾ ਦਫ਼ਤਰ ਬਲਾਸਟ ਮਾਮਲਾ: 2 ਗ੍ਰਿਫ਼ਤਾਰ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਪੰਜਾਬ ਪੁਲਿਸ ਨੇ ਚੰਡੀਗੜ੍ਹ ਦੇ ਸੈਕਟਰ 37 ਵਿੱਚ ਪੰਜਾਬ ਭਾਜਪਾ ਹੈੱਡਕੁਆਰਟਰ ਦੇ ਬਾਹਰ ਹੋਏ ਧਮਾਕੇ ਦੇ ਸਬੰਧ ਵਿੱਚ ਦੋ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਅਨੁਸਾਰ ਇਨ੍ਹਾਂ ਨੂੰ ਰੋਪੜ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਅਮਨ ਸਿੰਘ ਉਰਫ਼ ਭੋਲੂ ਅਤੇ ਗੁਰਤੇਜ ਸਿੰਘ ਵਜੋਂ ਹੋਈ ਹੈ, ਜੋ ਕਿ ਰੂਪਨਗਰ ਜ਼ਿਲ੍ਹੇ ਦੇ ਸਿਟੀ ਮੋਰਿੰਡਾ ਥਾਣੇ ਅਧੀਨ ਪੈਂਦੇ ਪਿੰਡ ਰਤਨਗੜ੍ਹ ਦੇ ਵਸਨੀਕ ਹਨ। ਪੰਜਾਬ ਪੁਲਿਸ ਦੀ ਸੀਆਈਏ ਟੀਮ ਨੇ ਇਨ੍ਹਾਂ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੋਹਾਲੀ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕਾਰਵਾਈ ਜਾਰੀ ਹੈ, ਇਸ ਲਈ ਹੋਰ ਵੇਰਵੇ ਨਹੀਂ ਦਿੱਤੇ ਜਾ ਸਕਦੇ। ਗ੍ਰਿਫ਼ਤਾਰੀਆਂ ਸਬੂਤਾਂ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ। ਦੋਵਾਂ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਬਾਕੀ ਦੀ ਡਿਟੇਲ ਬਾਅਦ 'ਚ ਜਾਂਚ ਤੋਂ ਬਾਅਦ ਸਾਹਮਣੇ ਆਵੇਗੀ।



ਇਸ ਤੋਂ ਪਹਿਲਾਂ, ਹਮਲਾਵਰਾਂ ਦੇ ਦੋ ਨਵੇਂ ਵੀਡੀਓ ਸਾਹਮਣੇ ਆਏ ਸਨ। ਹਮਲੇ ਤੋਂ ਕੁਝ ਮਿੰਟ ਪਹਿਲਾਂ, ਦੋ ਸ਼ੱਕੀ ਭਾਜਪਾ ਦਫ਼ਤਰ ਦੇ ਨੇੜੇ ਇੱਕ ਹੋਰ ਦਫਤਰ ਦੇ ਬਾਹਰ ਖੜ੍ਹੇ ਦਿਖਾਈ ਦਿੱਤੇ ਅਤੇ ਇੱਕ ਹੋਰ ਵੀਡੀਓ ਵਿੱਚ, ਦੋਵੇਂ ਸ਼ੱਕੀ ਹਮਲੇ ਤੋਂ ਬਾਅਦ ਸੜਕ ਪਾਰ ਕਰਦੇ ਹੋਏ ਭੱਜਦੇ ਹੋਏ ਦੇਖੇ ਗਏ ਸਨ। ਇਹ ਵੀ ਜਾਣਕਾਰੀ ਸਾਹਮਣੇ ਆਈ ਸੀ ਕਿ ਹਮਲੇ ਵਿੱਚ ਇੱਕ ਘ੍ਰਧ2ਫ ਹੈਂਡ ਗ੍ਰਨੇਡ ਵਰਤਿਆ ਗਿਆ ਸੀ। ਇਹ ਗ੍ਰਨੇਡ ਪਾਕਿਸਤਾਨ ਵਿੱਚ ਬਣਿਆ ਹੈ। ਜਾਣਕਾਰੀ ਅਨੁਸਾਰ, ਫਟਣ ਤੋਂ ਬਾਅਦ, ਇਹ 5 ਤੋਂ 10 ਮੀਟਰ ਦੇ ਘੇਰੇ ਵਿੱਚ ਬਹੁਤ ਘਾਤਕ ਹੈ। ਇਸਦੇ ਟੁਕੜੇ 20 ਤੋਂ 25 ਮੀਟਰ ਤੱਕ ਫੈਲ ਸਕਦੇ ਹਨ, ਜਿਸ ਨਾਲ ਨੇੜਲੇ ਲੋਕਾਂ ਨੂੰ ਗੰਭੀਰ ਸੱਟਾਂ ਲੱਗਣ ਦਾ ਖ਼ਤਰਾ ਹੋ ਸਕਦਾ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

APCA
AMERICAN PETROLEUM AND CONVENIENCE STORE ASSOCIATION

INVITES YOU
GOLF TOURNAMENT 2026
APRIL 8, 2026
CHARDONNAY GOLF CLUB
NAPA COUNTY, CA 94503

SUPPORTING NON-PROFIT

Children's Miracle Network Hospitals
Change Kids' Health. Change the Future.





Followed by APCA's 12th Annual Trade Show

APCA is a non-profit grassroots, membership based community organization providing representation for small to medium sized enterprises.





Thursday
April 9, 2026
12:30 pm - 5:30 pm

Sunrise Banquet Hall & Events
620 Orange Drive
Vacaville, CA 95687

To register please click link below.

Register

www.apca.us

For more information please contact: kewal@apca.us


APCA
AMERICAN PETROLEUM AND CONVENIENCE STORE ASSOCIATION
Presents
Golf Tournament 2026
Supporting non- Profits
Children's Miracle Network
Wednesday, April 8th, 2026
Chardonnay Golf Course
American Canyon, CA 94503
Scan the QR code to register for the upcoming trade show.
This is a popular event, sells out quickly, please RSVP ASAP
Scan to Register
PROPANE
Coca-Cola
APCA
AMERICAN PETROLEUM AND CONVENIENCE STORE ASSOCIATION
ANNUAL TRADE SHOW 2026
EXHIBITOR PACKAGE
April 9th, 2026
Sunrise Banquet Halls & Event Center
620 Orange Dr, Vacaville, CA 95687
Scan the QR code to register for the upcoming trade show.
It only takes a minute, and you're all set to join us!
Scan to Register

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਭਾਜਪਾ ਦੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਬੰਦੀ ਸਿੰਘਾਂ ਦੀਆਂ ਸਜਾਵਾਂ ਸਬੰਧੀ ਬਿਆਨ ਦੇ ਕੇ ਸਿੱਖ ਜਗਤ ਵਿੱਚ ਇਕ ਨਵੀ ਚਰਚਾ ਛੇੜ ਦਿੱਤੀ ਹੈ!!

ਜੰਗ ਸਿੰਘ ਮਰਸਡ (ਅਮਰੀਕਾ)
+1 415 603 7380



ਕਾਂਗਰਸ ਪਾਰਟੀ ਵਲੋਂ ਬਖਸ਼ੀਆਂ ਕਈ ਪੱਦਵੀਆਂ ਤੋਂ ਅਨੰਦ ਮਾਣਨ ਤੋਂ ਬਾਅਦ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਲੁਧਿਆਣੇ ਤੋਂ ਖੜ੍ਹੇ ਕੀਤੇ ਭਾਜਪਾ ਦੇ ਲੋਕ ਸਭਾ ਮੈਂਬਰ ਜਿਨਾਂ ਨੂੰ ਉਥੋਂ ਦੇ ਲੋਕਾਂ ਵਲੋਂ ਬੁਰੀ ਤਰ੍ਹਾਂ ਚਿੱਤ ਕੀਤੇ ਜਾਣ ਦੇ ਬਾਵਜੂਦ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿੱਤ ਸ਼ਾਹ ਵਲੋਂ ਸ੍ਰੀ ਰਵਨੀਤ ਸਿੰਘ ਬਿੱਟੂ ਨੂੰ ਕੇਂਦਰ ਵਿੱਚ ਰੇਲ ਵਿਭਾਗ ਦੇ ਰਾਜ ਮੰਤਰੀ ਬਣਾਏ ਜਾਣ ਤੋਂ ਬਾਅਦ ਉਹ ਭਾਜਪਾ ਦੇ ਵੱਡੇ ਚਾਪਲੂਸ ਬਣ ਗਏ ਸਨ ਜਿਸ ਕਰਕੇ ਇਹ ਭਾਜਪਾ ਨੂੰ ਖੁਸ਼ ਕਰਨ ਲਈ ਕਈ ਪ੍ਰਕਾਰ ਦੇ ਪੁੱਠੇ ਸਿੱਧੇ ਬਿਆਨ ਦੇਂਦੇ ਆ ਰਹੇ ਹਨ ਤਾਂ ਕਿ ਭਾਜਪਾ ਦੀਆ ਨਜਰਾਂ ਵਿੱਚ ਆਪਣੀ ਵੱਧ ਤੋਂ ਵੱਧ ਵਫਾਦਾਰੀ ਨੂੰ ਦਿਖਾਇਆ ਜਾ ਸਕੇ ।ਪੰਜਾਬ ਦੇ ਲੋਕ ਭਲੀਭਾਂਤ ਇਹ ਵੀ ਜਾਣਦੇ ਹਨ ਕਿ ਇਹ ਜਦੋਂ ਕਾਂਗਰਸ ਪਾਰਟੀ ਵਿੱਚ ਸਨ ਉਦੋਂ ਵੀ ਇਹ ਸਿਖਰਾਂ ਦੀ ਤੇ ਰੱਜ ਕੇ ਉਸ ਪਾਰਟੀ ਦੀ ਚਾਪਲੂਸੀ ਕਰਦੇ ਰਹੇ ਸਨ।ਇਹ ਉਹ ਇਨਸਾਨ ਹਨ ਜਿਨਾਂ ਦੇ ਪਿਤਾ ਤੇ ਦਾਦਾ ਹੋਰ ਪ੍ਰੀਵਾਰਕ ਮੈਂਬਰਾਂ ਨੇ ਕਾਂਗਰਸ ਪਾਰਟੀ ਦੇ ਰਾਜ ਭਾਗ ਦਾ ਕਾਫੀ ਅਨੰਦ ਮਾਣਿਆ ਸੀ।ਇਸੇ ਹੀ ਪ੍ਰੀਵਾਰ ਦੇ ਬਜੁਰਗ ਸ੍ਰ ਬੇਅੰਤ ਸਿੰਘ ਵਿਵਾਦਤ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਹਨ। ਜਿਨਾਂ ਦਾ ਨਾਂ ਪੰਜਾਬ ਦੇ ਇਤਿਹਾਸ ਵਿੱਚ ਕਾਲੇ ਅੱਖਰਾਂ ਵਿੱਚ ਲਿਖਿਆ ਗਿਆ ਜਾਣਿਆ ਜਾ ਰਿਹਾ ਹੈ ।ਮੁੱਖ ਮੰਤਰੀ ਰਹੇ ਸ੍ਰ ਬੇਅੰਤ ਸਿੰਘ ਨੂੰ ਬੁੱਚੜ੍ਹ ਮੁੱਖ ਮੰਤਰੀ ਦੇ ਤੌਰਤੇ ਵੀ ਵੇਖਿਆ ਜਾਂਦਾ ਹੈ ਜਿਨਾਂ ਦੀ ਅਗਵਾਈ ਵਿੱਚ ਪੰਜਾਬ ਦੀ ਦਰਿੰਦਾ ਪੁਲੀਸ ਨੇ ਕਈ ਹਜਾਰਾਂ ਦੀ ਗਿਣਤੀ ਵਿੱਚ ਬੇਦੋਸ਼ੇ ਸਿੱਖ ਨੌਜੁਆਨਾਂ ਜਿਨਾਂ ਵਿੱਚ ਨੌਜੁਆਨ ਲੜਕੀਆਂ ਤੇ ਇਸਤ੍ਰੀਆਂ ਵੀ ਸ਼ਾਮਲ ਸਨ ਉਨਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ ਸੀ। ਜਿਸ ਦਾ ਨਤੀਜਾ ਪੰਜਾਬ ਵਿੱਚ ਲਗ ਭਗ ਦੋ ਦਹਾਕਿਆਂ ਤਕ ਪੰਜਾਬ ਦੇ ਸਰਹੱਦੀ ਪਿੰਡਾਂ ਵਿੱਚ ਵਿਆਹਾਂ ਦੀਆ ਬਰਾਤਾਂ ਨਹੀਂ ਸਨ ਢੁੱਕ ਸਕੀਆਂ। ਜੇ ਇਹ ਆਖ ਲਿਆ ਜਾਵੇ ਕਿ ਇਹਨਾ ਦਾ ਲਗ ਭਗ ਸਾਰਾ ਟੱਬਰ ਸਿੱਖ ਜਗਤ ਵਿੱਚ ਘਿਰਣਤ ਅੱਖਾਂ ਨਾਲ ਵੇਖਿਆ ਜਾਂਦਾ ਆ ਰਿਹਾ ਹੈ ਤਾਂ ਗਲਤ ਨਹੀਂ ਹੋਵੇਗਾ ।ਸਿੱਖ ਇਤਿਹਾਸ ਵਿੱਚ ਦੋ ਬੇਅੰਤ ਸਿੰਘਾਂ ਦੇ ਨਾਂ ਆਉਂਦੇ ਹਨ ਇਕ ਉਹ ਮਹਾਨ ਸ਼ਖਸ਼ੀਅਤ ਸ੍ਰ ਬੇਅੰਤ ਸਿੰਘ ਦੀ ਹੈ ਜਿਸ ਨੇ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਵਲੋਂ ਜੂਨ 1984 ਵਿੱਚ ਟੈਕਾਂ ਤੋਪਾਂ ਨਾਲ ਫੌਜੀ ਹਮਲਾ ਕਰਾ ਕੇ ਸ੍ਰੀ ਦਰਬਾਰ ਸਾਹਿਬ ਦੇ ਸ਼੍ਰੀ ਅਕਾਲ ਤੱਖਤ ਨੂੰ ਢਹਿ ਢੇਰੀ ਕਰਵਾਇਆ ਸੀ ਉਸ ਨੂੰ ਸ਼ਹੀਦ ਸ੍ਰ ਸਤਵੰਤ ਸਿੰਘ ਨਾਲ ਰੱਲ ਕੇ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਖਤਮ ਕਰਕੇ ਸਿੱਖ ਕੌਮ ਦੇ ਇਤਿਹਾਸ ਨੂੰ ਮੁੜ੍ਹ ਦੁਹਰਾ ਕੇ ਸਿੱਖ ਕੌਮ ਦੇ ਨਾਂ ਨੂੰ ਰੋਸ਼ਨ ਕੀਤਾ ਸੀ। ਇਹ ਵੀ ਇਤਿਹਾਸ ਵਿੱਚ ਦਰਜ ਹੈ ਕਿ ਸ੍ਰੀ ਮਤੀ ਇੰਦਰਾ ਗਾਂਧੀ ਸ੍ਰੀ ਦਰਬਾਰ ਸਾਹਿਬ ਤੇ ਉੱਕਾ ਹੀ ਹਮਲਾ ਨਹੀਂ ਸੀ ਕਰਨਾ ਚਾਹੁੰਦੀ ਪਰ ਉਸ ਨੂੰ ਭਾਜਪਾ ਦੇ ਆਗੂ ਸ੍ਰੀ ਲਾਲ ਕਿਸ਼ਨ ਅਡਵਾਨੀ ਨੇ ਉਕਸਾਅ ਕੇ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਨ ਲਈ ਇਕ ਤਰਾਂ ਦਾ ਮਜਬੂਰ ਕੀਤਾ ਸੀ ਇਸ ਗੱਲ ਦਾ ਸਬੂਤ ਇਸ ਭਾਜਪਾ ਆਗੂ ਸ੍ਰੀ ਲਾਲ ਕਿਸ਼ਨ ਅਡਵਾਨੀ ਨੇ ਆਪਣੀ ਪੁਸਤਕ ਵਿੱਚ ਇਹ ਸਭ ਕੁਝ ਲਿਖ ਕੇ ਸੰਸਾਰ ਭਰ ਦੇ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਜਾ ਚੁੱਕੀ ਹੈ।ਭਾਜਪਾ ਬਾਰੇ ਸੰਸਾਰ ਦਾ ਸਿੱਖ ਜਗਤ ਤੇ ਪੰਜਾਬ ਦੇ ਲੋਕ ਭਲੀਭਾਂਤ ਜਾਣਦੇ ਹਨ ਕਿ ਭਾਜਪਾ ਘੱਟਗਿਣਤੀਆਂ, ਦਲਿਤਾਂ ਦੇ ਨਾਲ ਸਿੱਖਰਾਂ ਦੀ ਪੰਜਾਬ ਵਿਰੋਧੀ ਪਾਰਟੀ ਰਹੀ ਹੈ। ਇਸੇ ਕਰਕੇ ਪੰਜਾਬ ਦੇ ਲੋਕ ਇਸ ਪਾਰਟੀ ਨੂੰ ਘਿਰਣਤ ਅੱਖਾਂ ਨਾਲ ਵੇਖਦੇ ਆ ਰਹੇ ਹਨ ।ਭਾਜਪਾ ਪਾਰਲੀਮੈਂਟ ਮੈਂਬਰ ਤੇ ਰਾਜ ਮੰਤਰੀ ਸ੍ਰੀ ਰਵਨੀਤ ਸਿੰਘ ਬਿੱਟੂ ਨੇ ਬੰਦੀ ਸਿੰਘਾਂ ਬਾਰੇ ਬਿਆਨ ਦੇਂਦਿਆ ਆਖਿਆ ਹੈ ਕਿ "ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀਆਂ ਸਜਾਵਾਂ ਪੂਰੀਆਂ ਨਹੀਂ ਹੋਈਆਂ, ਉਨਾਂ ਨੂੰ ਉਮਰ ਕੈਦ ਨਹੀਂ ਮੌਤ ਤਕ ਦੀ ਸਜਾ ਹੈ , ਅਸੀਂ ਬੰਦੀ ਸਿੰਘਾਂ ਦੀ ਰਿਹਾਈ 'ਚ ਦੱਖਲ ਨਹੀਂ ਦੇਵਾਂਗੇ" ਇਸ ਬਿਆਨ ਨੇ ਭਾਜਪਾ ਦੀ ਸਿੱਖਾਂ ਪ੍ਰਤੀ ਸਿਖਰਾਂ ਦੀ ਨਫਰਤ ਭਰੀ ਨੀਤੀ ਦਾ ਪ੍ਰਗਟਾਵਾ ਵੀ ਕਰ ਦਿੱਤਾ ਹੈ ਕਿ ਭਾਜਪਾ ਦਾ ਬੰਦੀ ਸਿੰਘਾਂ ਨੂੰ ਰਿਹਾ ਕਰਨ ਪ੍ਰਤੀ ਕਿਸ ਤਰਾਂ ਦੀ ਨਫਰਤ ਭਰੀ ਸੋਚ ਹੈ?ਬੰਦੀ ਸਿੰਘਾਂ ਬਾਰੇ ਇਸ ਸੋਚ ਦਾ ਪ੍ਰਗਟਾਵਾ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਜਦੋਂ ਪੰਜਾਬ ਵਿਖੇ ਇਕ ਸਿੱਖਾਂ ਦੇ ਧਾਰਮਿਕ ਸਮਾਗਮ ਵਿੱਚ ਆਉਂਦੇ ਹਨ ਤਾਂ ਉਹ ਕਈ ਬੰਦੀ ਸਿੰਘਾਂ ਬਾਰੇ ਇਹ ਬਿਆਨ ਦੇ ਕੇ ਜਾਂਦੇ ਹਨ ਕਿ ਇਨਾਂ ਬੰਦੀ ਸਿੰਘ ਨੂੰ ਬੜੀ ਜਲਦੀ ਰਿਹਾ ਕਰ ਦਿੱਤਾ ਜਾਵੇਗਾ।

ਇਹ ਹੀ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਜੀ ਹਨ ਜਿਹੜੇ ਲੋਕ ਸਭਾ ਵਿੱਚ ਪਹਿਲਾਂ ਦਿੱਤੇ ਬਿਆਨ ਤੋਂ ਸਾਫ ਸਪਸ਼ਟ ਮੁੱਕਰਦੇ ਹੋਏ ਇਹ ਬਿਆਨ ਦੇ ਮਾਰਦੇ ਹਨ ਕਿ ਜਦੋਂ ਬੰਦੀ ਸਿੰਘਾਂ ਨੂੰ ਪਛਤਾਵਾ ਹੀ ਨਹੀਂ ਤਾਂ ਫਿਰ ਉਨਾਂ ਦੀ ਰਿਹਾਈ ਕਾਹਦੀ ! ਸ੍ਰੀ ਰਵਨੀਤ ਸਿੰਘ ਬਿੱਟੂ ਦੇ ਇਸ ਬਿਆਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤੀ ਜੰਨਤਾ ਪਾਰਟੀ ਦੇ ਰਾਜ ਭਾਗ ਵਿੱਚ ਉਹ ਆਪਣੇ ਚਹੇਤਿਆਂ ਬਲਾਤਕਾਰੀਆਂ , ਤੇ ਕਈ ਹੋਰ ਗੰਭੀਰ ਜੁਰਮਾਂ ਵਿੱਚ ਘਿਰੇ ਜੇਲ੍ਹਾਂ ਵਿੱਚ ਬੰਦ ਕੈਦੀਆਂ ਲੋਕਾਂ ਨੂੰ ਰਿਹਾ ਤਾਂ ਕਰ ਸਕਦੇ ਹਨ ,ਪੈਰੋਲਾਂ ਦੇ ਸਕਦੇ ਹਨ।ਪਰ ਬੰਦੀ ਸਿੰਘਾਂ ਨੂੰ ਰਿਹਾ ਕਦੇ ਨਹੀਂ ਕਰ ਸਕਦੇ ।ਜਿਨਾਂ ਨੇ ਦੇਸ਼ ਤੇ ਕੌਮ ਹਿੱਤ ਵਿੱਚ ਵੱਡੀਆਂ ਕੁਰਬਾਨੀਆਂ ਦਿੱਤੀਆਂ ਦਸੀਆਂ ਗਈਆਂ ਹਨ। ਉਨਾਂ ਪ੍ਰਤੀ ਉਨਾਂ ਦੀ ਸੋਚ ਬੜੀ ਸੰਕੀਰਨ ਹੀ ਨਹੀਂ ਬਲਕਿ ਨਕਾਰਮਿਕ ਵੀ ਹੈ। ਭਾਜਪਾ ਇਸ ਗੱਲੋਂ ਖੁਸ਼ ਹੋਈ ਫਿਰਦੀ ਹੈ ਕਿ ਭਾਜਪਾ ਵਿੱਚ ਨਿੱਤ ਦਿਨ ਕਈ ਸਿੱਖ ਚਿਹਰੇ ਬੜੀ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਰਹੇ ਹਨ ਪਰ ਉਹ ਇਹ ਭੁੱਲਦੇ ਹਨ ਕਿ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਬਹੁਤੇ ਉਹ ਲੋਕ ਹੀ ਹਨ ਜਿਨਾਂ ਦਾ ਨਾ ਤਾਂ ਕੋਈ ਦੀਨ ਹੈ ਨਾ ਹੀ ਮਜਬ! ਇਨਾਂ ਦਾ ਨਿਸ਼ਾਨਾ ਆਪਣੇ ਨਿੱਜੀ ਮੁਆਦ ਲਈ ਸਮੇਂ ਦੀ ਹੁਕਮਰਾਨ ਸਰਕਾਰ ਵਿੱਚ ਸ਼ਾਮਲ ਹੋਣਾ ਹੀ ਹੁੰਦਾ ਹੈ ਕਿਉਂ ਕਿ ਉਨਾਂ ਦੀ ਸੋਚ ਪੁੱਠੇ ਸਿੱਧੇ ਕੰਮ ਕਰਨਾ ਹੁੰਦਾ ਹੈ ।ਇਹ ਉਹ ਸਿੱਖ ਲੋਕ ਹਨ ਜਿਨਾ ਦਾ ਨਿਸ਼ਾਨਾ ਚੌਧਰ ਦੇ ਨਾਲ ਧੰਨ ਕਮਾਉਣਾ ਹੀ ਹੁੰਦਾ ਹੈ।ਜਦੋਂ ਕਿ ਸਚਾਈ ਇਸ ਵਿੱਚ ਦੱਸੀ ਜਾ ਰਹੀ ਹੈ ਕਿ ਪੰਜਾਬ ਵਿੱਚ ਵੱਡੀ ਗਿਣਤੀ ਪੰਜਾਬ ਦੇ ਉਹ ਲੋਕ ਹਨ ਚਾਹੇ ਉਹ ਹਿੰਦੂ ਹਨ ,ਮੁਸਲਮਾਨ ਹਨ ਜਾਂ ਫਿਰ ਸਿੱਖ ਹਨ ਜਾਂ ਫਿਰ ਦਲਿੱਤ ਹਨ ਉਹ ਭਾਜਪਾ ਦੀਆਂ ਨੀਤੀਆਂ ਦੇ ਸਖਤ ਵਿਰੋਧੀ ਹਨ। ਭਾਜਪਾ ਵਿੱਚ ਸ਼ਾਮਲ ਲੋਕਾਂ ਦਾ ਆਮ ਜੰਨਤਾ ਵਿੱਚ ਉੱਕਾ ਹੀ ਵਕਾਰ ਨਹੀਂ ਹੁੰਦਾ ਬਲਕਿ ਅਜਿਹੇ ਭਗੌੜ੍ਹੇ ਤੇ ਦੱਲ ਬਦਲੂ ਲੋਕਾਂ ਨੂੰ ਆਮ ਜੰਨਤਾ ਨਫਰਤ ਨਾਲ ਹੀ ਵੇਖਦੀ ਹੈ। ਰ.ਸ.ਸ. ਦੇ ਸਾਹਮਣੇ ਪੰਜਾਬ ਨੂੰ ਹਰ ਹੀਲੇ ਭਾਜਪਾ ਦੇ ਹਵਾਲੇ ਕਰਨਾ ਹੈ।ਉਹ ਇਸ ਮੰਤਵ ਵਿੱਚ ਤਾਂ ਹੀ ਸਫ਼ਲ ਹੋ ਸਕਦੀ ਹੈ ਜੇਕਰ ਉਹ ਕਿਸੇ ਵੀ ਹਾਲਤ ਵਿੱਚ ਉਹ ਸਿੱਖਾਂ ਵਿਸ਼ੇਸ਼ ਕਰਕੇ ਪੰਜਾਬੀਆਂ ਦੀ ਇਕ ਮਜਬੂਤ ਪਾਰਟੀ ਦਾ ਨਿਰਮਾਣ ਹੀ ਨਾ ਹੋਣ ਦੇਵੇ ।

ਮੌਜੂਦਾ ਹਾਲਤ ਵਿੱਚ ਭਾਜਪਾ ਤੇ ਰ.ਸ.ਸ. ਇਸ ਵੇਲੇ ਪੂਰੀ ਤਰ੍ਹਾਂ ਕਾਮਯਾਬ ਦਿਖਾਈ ਦੇ ਰਹੀ ਹੈ ਕਿਉਂ ਕਿ ਪੰਜਾਬ ਦੇ ਲੋਕ ਹਾਲੇ ਤਕ ਆਪਣੀ ਕਿਸੇ ਵੀ ਪੰਜਾਬ ਹਿਤੈਸ਼ੀ ਪਾਰਟੀ ਦਾ ਨਿਰਮਾਣ ਹੀ ਨਹੀਂ ਕਰ ਸਕੇ। ਪੰਜਾਬ ਵਿੱਚ ਚੋਣਾਂ ਹੋਣ ਨੂੰ ਸਾਲ ਤੋਂ ਘੱਟ ਦਾ ਸਮਾਂ ਰਹਿ ਗਿਆ ਹੈ।ਪਰ ਹਾਲੇ ਤਕ ਪੰਜਾਬ ਹਿਤੈਸ਼ੀ ਕਿਸੇ ਵੀ ਪਾਰਟੀ ਦਾ ਮੁਹਾਂਦਰਾ ਨਹੀਂ ਬਣਿਆ ।ਪੰਜਾਬ ਦੇ ਈਮਾਨਦਾਰ ਤੇ ਉਸ ਨੂੰ ਪਿਆਰ ਕਰਨ ਵਾਲੇ ਲੋਕ ਜੇ ਕਰ ਚਾਹੁੰਦੇ ਹਨ ਕਿ ਪੰਜਾਬ ਨੂੰ ਭਾਜਪਾ ਤੋਂ ਬਚਾਉਣਾ ਹੈ ਤਾਂ ਉਨਾਂ ਨੂੰ ਹੁਣ ਤੋਂ ਹੀ ਜੰਗੀ ਪੱਧਰ ਤੇ ਸਰਗਰਮੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਇਸ ਵਿੱਚ ਪੰਜਾਬ ਦੇ ਸਾਰੇ ਅਕਾਲੀ ਦੱਲਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ ਉਨਾਂ ਨੂੰ ਆਪਣੀ ਚੌਧਰ ਤੇ ਲਾਲਸਾ ਨੂੰ ਤਿਆਗਣਾ ਪਵੇਗਾ ।ਮੌਜੂਦਾ ਹਾਲਤ ਵਿੱਚ ਇਸ ਸਮੇਂ ਪੰਜ ਛੇ ਤਾਂ ਅਕਾਲੀ ਦੱਲ ਹੀ ਹਨ ਇਨਾਂ ਤੋਂ ਬਿਨਾ ਕਾਂਗਰਸ ਪਾਰਟੀ , ਆਮ ਆਦਮੀ ਪਾਰਟੀ , ਬੀ ਐਸ ਪੀ . ਖਬੇ ਪੱਖੀ ਪਾਰਟੀਆਂ ਤੋਂ ਬਿਨਾ ਅਕਾਲੀਆਂ ਦੇ ਰਹਿ ਚੁੱਕੇ ਯੂਥ ਆਗੂ ਸ੍ਰ ਕਿਰਨਬੀਰ ਸਿੰਘ ਕੰਗ ਨੇ ਵੀ ਇਕ ਨਵੀਂ ਪਾਰਟੀ ਦਾ ਨਿਰਮਾਣ ਕਰ ਦਿੱਤਾ ਹੈ ਇਸ ਤਰਾਂ ਇਕ ਪਾਸੇ 10-12 ਪਾਰਟੀਆਂ ਦੂਸਰੇ ਪਾਸੇ ਇਕੋ ਇਕ ਪਾਰਟੀ ਭਾਜਪਾ ਦਰਮਿਆਨ ਚੋਣ ਹੋਵੇਗੀ ।ਦੂਸਰੀਆਂ ਸਾਰੀਆਂ ਪਾਰਟੀਆਂ ਦੀਆਂ ਵੋਟਾਂ ਆਪਸ ਵਿੱਚ ਵੰਡੀਆਂ ਜਾਣਗੀਆਂ ਅਤੇ ਭਾਜਪਾ ਨੂੰ ਉਨਾਂ ਦੀਆਂ ਪੱਕੀਆਂ ਵੋਟਾਂ ਮਿਲ ਜਾਣੀਆਂ ਹਨ ।ਨਤੀਜਾ ਭਾਜਪਾ ਦੀ ਜਿੱਤ ਦਾ ਤੁਹਾਡੇ ਸਭ ਦੇ ਸਾਹਮਣੇ ਹੈ ।ਇਸ ਦਾ ਮਤਲਬ ਸਪਸ਼ਟ ਹੈ ਕਿ ਅਸੀਂ ਜਿਹੜੇ ਆਪਣੇ ਆਪ ਨੂੰ ਪੰਜਾਬ ਦੇ ਹਿਤੈਸ਼ੀ ਸਮਝਦੇ ਹਨ ਹੀ ਸਾਰੇ ਜਿੰਮੇਵਾਰ ਨਾਂ ਜਿਹੜੇ ਆਪ ਹੀ ਭਾਜਪਾ ਨੂੰ ਥਾਲੀ ਵਿੱਚ ਪਰੋਸ ਕੇ ਪੰਜਾਬ ਦੀ ਰਾਜ ਗੱਦੀ ਸੌਂਪ ਰਹੇ ਹਨ। ਇਸ ਨਾਜੁਕ ਸਥਿੱਤੀ ਵਿੱਚ ਜੇਕਰ ਸਿਰਫ ਸਾਰੇ ਅਕਾਲੀ ਦੱਲਾਂ ਵਾਲੇ ਹੀ ਆਪਣੀ ਹਉਮੇਂ ਨੂੰ ਤਿਆਗ ਦੇਣ ਤੇ ਰੱਲ ਕੇ ਇਹ ਸੋਚ ਬਣਾ ਲੈਣ ਕਿ ਅਸੀ ਪੰਜਾਬ ਨੂੰ ਭਾਜਪਾ ਦੇ ਸ੍ਰੀ ਰਵਨੀਤ ਸਿੰਘ ਬਿੱਟੂ ਆਦਿ ਵਰਗੇ ਪੰਜਾਬ ਵਿਰੋਧੀ ਭਾਜਪਾ ਲੀਡਰਾਂ ਤੋਂ ਪੰਜਾਬ ਨੂੰ ਬਚਾਉਣਾ ਹੈ ਤਾਂ ਫਿਰ ਉਨਾਂ ਨੂੰ ਇਕਜੁੱਟ ਹੋ ਕੇ ਜਿਸ ਵਿੱਚ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਨੂੰ ਵੀ ਸ਼ਾਮਲ ਕਰਕੇ ਇਕ ਸਾਂਝੀ ਸਰਬ ਪ੍ਰਵਾਨਿਤ ਕਮੇਟੀ ਦਾ ਨਿਰਮਾਣ ਕਰਨ ਦੀ ਜਰੂਰਤ ਹੈ।ਜੋ ਬਿਨਾ ਕਿਸੇ ਦੇਰੀ ਦੇ ਸਾਰੀਆਂ ਇਕੱਠੀਆਂ ਹੋਈਆਂ ਪਾਰਟੀਆਂ ਨੂੰ ਇਕ ਜੁੱਟ ਕਰਕੇ ਸਾਂਝੇ ਤੌਰਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਲੜਾਵੇ।ਅਜਿਹਾ ਕਰਨ ਨਾਲ ਜਿਥੇ ਸਿਰਫ ਪੰਜਾਬ ਹੀ ਨਹੀਂ ਬਲਕਿ ਸਾਰੀਆਂ ਇੱਕਠੀਆਂ ਹੋਈਆਂ ਪਾਰਟੀਆਂ ਨੂੰ ਹੋਣ ਵਾਲੀ ਆਪਣੀ ਨਮੋਸ਼ੀ ਤੋਂ ਬੱਚ ਜਾਣਗੀਆਂ , ਉਥੇ ਪੰਜਾਬ ਦੀ ਹੋਂਦ ਵੀ ਬੱਚ ਜਾਵੇਗੀ ।ਇਹ ਬਾਲ ਹੁਣ ਪੰਜਾਬ ਦੇ ਸਾਰੇ ਹਿਤੈਸ਼ੀ ਲੀਡਰਾਂ ਦੀ ਕੋਰਟ ਵਿੱਚ ਹੈ ਕਿ ਉਨਾਂ ਨੇ ਪੰਜਾਬ ਦੇ ਪੁਰਾਤਨ ਤੇ ਸਿਰਮੌਰ ਇਤਿਹਾਸ ਨੂੰ ਕਾਇਮ ਰੱਖਣਾ ਹੈ ਜਾਂ ਕਿ ਆਪਣੀ ਤੇ ਪੰਜਾਬ ਦੀ ਇੱਜਤ ਨੂੰ ਦਾਅ ਤੇ ਲਗਾ ਕੇ ਹੋਰ ਖੱਜਲ ਖੁਆਰ ਕਰਨਾ ਹੈ ।

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**

ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

**INDIA ਪੈਸੇ ਭੇਜਣ ਲਈ**

**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**

**Contact Number**

**+1 (209) 537-5702**













ਜਿੱਥੇ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ।
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ

ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਕਾਂ ਡਾਹ ਕੇ ਅਥਾਹ ਕੁਰਬਾਨੀਆਂ ਕਰਨ ਵਾਲੇ ਬਹਾਦਰ ਯੋਧਿਆਂ ਅਤੇ ਸਮੁੱਚੀ ਗ਼ਦਰ ਪਾਰਟੀ ਨੂੰ ਸਮਰਪਿਤ

# 24ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'




ਕਰਤਾਰ ਸਿੰਘ ਸਰਾਭਾ



ਬਾਬਾ ਜਵਾਲਾ ਸਿੰਘ



ਬਾਬਾ ਵਿਸਾਖਾ ਸਿੰਘ



ਬਾਬਾ ਸੋਹਣ ਸਿੰਘ ਭਕਨਾ



ਗਦਰੀ ਸੰਤੋਖ ਸਿੰਘ ਧਰਦਿਓ

## 12 ਅਪ੍ਰੈਲ 2026, ਦਿਨ ਐਤਵਾਰ, ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ

**Central High School, East Campus Performing Art Center 3535 N. Cornelia Ave, Fresno, CA 93722**

## ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਪਹੁੰਚ ਰਹੇ ਗਾਇਕ ਕਲਾਕਾਰ



ਲਾਲੀ ਤੱਖਰ



ਰਾਜ ਬਰਾੜ

ਮੰਚ ਸੰਚਾਲਨ



ਆਸ਼ਾ ਸ਼ਰਮਾ

**ਹੋਰ ਪ੍ਰੋਗਰਾਮ:**
**ਗੀਤ, ਕਵਿਤਾਵਾਂ, ਭਾਸ਼ਨ, ਗਿੱਧਾ ਤੇ ਭੰਗੜਾ**

4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ
ਵਿਦਿਆਰਥੀਆਂ ਦਾ ਨਾਮ ਰਜਿਸਟਰ ਕਰਨ ਲਈ ਵਿਦਿਆਰਥੀ ਦਾ ਨਾਮ, ਸੰਪਰਕ ਫੋਨ ਨੰਬਰ ਅਤੇ ਸਕੂਲ ਗਰੇਡ ਸ਼ੀਟ ਜਾਂ ਰਿਪੋਰਟ ਕਾਰਡ ਦੀ ਕਾਪੀ ਈਮੇਲ ਐਡਰੈੱਸ IAHForum@gmail.com ਤੇ ਭੇਜਣੀ ਜ਼ਰੂਰੀ ਹੋਵੇਗੀ।

ਸੰਪਰਕ: ਸ਼ਰਨਜੀਤ ਧਾਲੀਵਾਲ (559) 974-8383

**Chief Guest & Speaker**
ਮੁੱਖ ਮਹਿਮਾਨ ਅਤੇ ਬੁਲਾਰਾ



Social Activist
**Dr. Swaiman Singh**

**ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

ਦੇਸ਼ ਲਈ ਕੁਰਬਾਨੀ ਕਰਨ ਵਾਲੇ ਮਹਾਨ ਸ਼ਹੀਦਾਂ ਤੇ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਲਗਾਈ ਜਾਵੇਗੀ।

**ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ**

4.0 ਵਾਲੇ ਵਿਦਿਆਰਥੀ ਅਤੇ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ ਫੋਰਮ ਦੀ ਈਮੇਲ iahforum@gmail.com ਤੇ ਆਪਣੀ ਜਾਣਕਾਰੀ ਭੇਜ ਕੇ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ

**ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਟੀਮਾਂ ਵਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ**

**ਮੇਲਾ ਕਮੇਟੀ**

ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੁਪਿੰਦਰ ਕੌਰ ਬਦੇਸ਼ਾ, ਬਲਬੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਢਾਹ, ਬਲਵਿੰਦਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨੁਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਬਿੰਦ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੇਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬਿੰਜਲ, ਮਾਸਟਰ ਸ਼ਮਸ਼ੇਰ ਸਿੰਘ, ਰਾਜ ਮੋਗਾ, ਜਗਰੂਪ ਸਿੰਘ ਧਾਲੀਵਾਲ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁਲਰ, ਗੁਰਬਖਸ਼ ਸਿੰਘ ਸਿੱਧੂ, ਸ਼ੇਰ ਸਿੰਘ ਘਣਗੱਸ, ਗੈਰੀ ਢੇਸੀ, ਦਵਿੰਦਰ ਸਿੰਘ ਗਰੇਵਾਲ, ਬਹਾਦਰ ਸਿੰਘ ਭੰਗਲ, ਕਮਲਜੀਤ ਕੌਰ ਭੰਗਲ, ਪਵਿੰਦਰਜੀਤ ਸਿੰਘ ਮਾਨ, ਇੰਦਰਜੀਤ ਸਿੰਘ ਬਰਾੜ, ਰਾਜ ਅਲੀ, ਅੰਗਰੇਜ ਸਿੰਘ।

**ਸਰਪ੍ਰਸਤ: ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ**

**ਵਿਸ਼ੇਸ਼ ਧੰਨਵਾਦ:**
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ 620 ਏ.ਐੱਮ ਰੇਡੀਓ ਐਫ.ਐੱਮ 94.3, ਸਾਰੇ ਪੰਜਾਬੀ ਅਖਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।

**ਹੋਰ ਜਾਣਕਾਰੀ ਲਈ ਸੰਪਰਕ**
ਨਵਦੀਪ ਸਿੰਘ ਧਾਲੀਵਾਲ ਪ੍ਰਧਾਨ ................ (559) 287-0822
ਹਰਜਿੰਦਰ ਸਿੰਘ ਢੇਸੀ ਸੈਕਟਰੀ ................ (559) 618-0156
ਗੁਰਮੀਤ ਸਿੰਘ ਗਿੱਲ ................ (805) 215-0681
ਗੁਰਮੀਤ ਸਿੰਘ ਗਾਜੀਆਣਾ ................ (559) 801-8200

REALTY
UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵਿੱਚ ਭਾਰਤੀ ਰੀਅਲ ਅਸਟੇਟ ਵਿੱਚ **$13 ਬਿਲੀਅਨ** ਲਗਾਏ—ਕਿਉਂਕਿ ਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦਿੰਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵਿੱਚ ਵਾਪਸ ਆਏ
- **$70 ਬਿਲੀਅਨ+ ਵਿਦੇਸ਼ੀ ਨਿਵੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਿਵੇਸ਼ ਦੇ ਰਾਹ

| ਨਿਵੇਸ਼ ਦੀ ਕਿਸਮ | ਸਾਲਾਨਾ ਮੁਨਾਫ਼ਾ | ਕਿਸ ਲਈ ਢੁਕਵਾਂ |
|---|---|---|
| ਵਿਕਾਸਸ਼ੀਲ ਇਲਾਕਿਆਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਿਰਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਿਵੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਿਵਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵਿੱਖ ਨੂੰ ਸੁਰੱਖਿਅਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵਿੱਚ । ਤੁਹਾਡੀ ਜਾਇਦਾਦ ਭਾਰਤ ਵਿੱਚ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO
ADVERTISEMENTS
We make professional video advertisements for your business in Punjabi, Hindi & English
POSTERS
DESIGN
We design flyers, Posters and
Post Cards to promote your business
BUSINESS CARD
DESIGN
WE DESIGN YOUR
BUSINESS CARD
SOCIAL MEDIA
HANDLERS
We can manage your Business social media handlers Facebook, instagram & YouTube
24/7 TECH
SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਭਗਵੰਤ ਸਿੰਘ ਮਾਨ ਨੇ ਪਿੰਡ ਚੀਮਾ ਵਿੱਚ ਸੰਤ ਅਤਰ ਸਿੰਘ ਮਹਾਰਾਜ ਹਸਪਤਾਲ ਦਾ ਕੀਤਾ ਉਦਘਾਟਨ: 15 ਪਿੰਡਾਂ ਦੇ 50 ਹਜ਼ਾਰ ਵਾਸੀਆਂ ਨੂੰ ਹੋਵੇਗਾ ਲਾਭ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਿੰਡ ਚੀਮਾ ਵਿਖੇ ਸੰਤ ਅਤਰ ਸਿੰਘ ਜੀ ਮਹਾਰਾਜ ਹਸਪਤਾਲ ਦਾ ਉਦਘਾਟਨ ਕੀਤਾ। ਜ਼ਿਕਰਯੋਗ ਹੈ ਕਿ 11.70 ਕਰੋੜ ਦੀ ਲਾਗਤ ਨਾਲ ਬਣਿਆ ਅਤੇ 30 ਬਿਸਤਰਿਆਂ ਵਾਲਾ ਇਹ ਅਤਿ-ਆਧੁਨਿਕ ਹਸਪਤਾਲ ਸਿਹਤ ਸੰਭਾਲ ਬੁਨਿਆਦੀ ਢਾਂਚੇ ਦੇ ਵਿਸਥਾਰ ਦੇ ਨਾਲ-ਨਾਲ ਪੂਰੇ ਖੇਤਰ ਵਿੱਚ ਹਜ਼ਾਰਾਂ ਲੋਕਾਂ ਨੂੰ ਮਿਆਰੀ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਲਈ ਸ਼ੁਰੂ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਹਸਪਤਾਲ ਨਾ ਸਿਰਫ਼ 15 ਪਿੰਡਾਂ ਦੇ ਲਗਪਗ 50 ਹਜ਼ਾਰ ਵਾਸੀਆਂ ਨੂੰ ਲਾਭ ਪਹੁੰਚਾਏਗਾ, ਸਗੋਂ ਨੇੜਲੇ ਖੇਤਰਾਂ ਦੀ ਲਗਪਗ 35 ਤੋਂ 40 ਹਜ਼ਾਰ ਆਬਾਦੀ ਲਈ ਕਿਫਾਇਤੀ ਅਤੇ ਮਿਆਰੀ ਇਲਾਜ ਵੀ ਮੁਹੱਈਆ ਕਰਵਾਏਗਾ।ਆਪਣੀ ਫੇਰੀ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਸਪਤਾਲ ਵਿੱਚ ਉਪਲਬਧ ਸਹੂਲਤਾਂ ਦਾ ਜ਼ਮੀਨੀ ਪੱਧਰ 'ਤੇ ਜਾਇਜ਼ਾ ਲੈਂਦਿਆਂ ਮਰੀਜ਼ਾਂ ਦਾ ਹਾਲਚਾਲ ਪੁੱਛਿਆ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ ਗੱਲਬਾਤ ਕੀਤੀ।ਹਸਪਤਾਲਾਂ ਦੀ ਇਸ ਬਦਲਦੀ ਨੁਹਾਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਸਹੂਲਤਾਂ ਦੀ ਘਾਟ ਕਾਰਨ ਮਰੀਜ਼ਾਂ ਨੂੰ ਜ਼ਿਆਦਾਤਰ ਸੰਗਰੂਰ, ਪਟਿਆਲਾ ਅਤੇ ਲੁਧਿਆਣਾ ਰੈਫਰ ਕੀਤਾ ਜਾਂਦਾ ਸੀ, ਪਰ ਹੁਣ ਮਰੀਜ਼ ਸਥਾਨਕ ਪੱਧਰ 'ਤੇ ਹੀ ਆਧੁਨਿਕ ਮਸ਼ੀਨਾਂ ਅਤੇ ਸਮਰਪਿਤ ਐਮਰਜੈਂਸੀ ਅਤੇ ਜੱਚਾ-ਬੱਚਾ ਵਾਰਡਾਂ ਨਾਲ ਲੈਸ ਇਸ ਹਸਪਤਾਲ ਵਿੱਚ ਇਲਾਜ ਕਰਵਾ ਸਕਣਗੇ।ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੰਤ ਬਾਬਾ ਅਤਰ ਸਿੰਘ ਦੇ ਨਾਮ 'ਤੇ ਮੈਡੀਕਲ ਕਾਲਜ ਦਾ ਕੰਮ ਵੀ ਜਲਦੀ ਸ਼ੁਰੂ ਕੀਤਾ ਜਾਵੇਗਾ ਅਤੇ ਸੂਬਾ ਸਰਕਾਰ ਨੇ ਇਸ ਸਬੰਧੀ ਪ੍ਰਬੰਧਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਇਸ ਦਾ ਮੰਤਵ ਖੇਤਰ ਵਿੱਚ ਡਾਕਟਰੀ ਸਿੱਖਿਆ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਲੋਕਾਂ ਲਈ ਮਿਆਰੀ ਸਿਹਤ ਸਹੂਲਤਾਂ ਯਕੀਨੀ ਬਣਾਉਣਾ ਹੈ। ਇਸ ਪ੍ਰਾਜੈਕਟ ਨੂੰ ਜੰਗੀ ਪੱਧਰ 'ਤੇ ਪੂਰਾ ਕਰਨ ਲਈ ਸੂਬਾ ਸਰਕਾਰ ਕੋਈ ਕਸਰ ਬਾਕੀ ਨਹੀਂ ਛੱਡੇਗੀ।"ਇਸ ਨਵੇਂ ਹਸਪਤਾਲ ਦੀ ਅਹਿਮੀਅਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ, "ਅੱਜ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜਨਮ ਸਥਾਨ ਪਿੰਡ ਚੀਮਾ ਵਿਖੇ ਕਮਿਊਨਿਟੀ ਹੈਲਥ ਸੈਂਟਰ ਦਾ ਉਦਘਾਟਨ ਕੀਤਾ ਗਿਆ ਹੈ। ਸੰਤ ਅਤਰ ਸਿੰਘ ਜੀ ਮਹਾਰਾਜ ਨੇ



ਸਿੱਖਿਆ ਅਤੇ ਸਮਾਜ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾਇਆ ਅਤੇ ਉਨ੍ਹਾਂ ਦੇ ਸਨਮਾਨ ਵਿੱਚ ਇਸ ਕਮਿਊਨਿਟੀ ਹੈਲਥ ਸੈਂਟਰ ਦਾ ਨਾਮ ਅਜਿਹੀ ਮਹਾਨ ਸ਼ਖ਼ਸੀਅਤ ਦੇ ਨਾਮ 'ਤੇ ਰੱਖਿਆ ਜਾਣਾ ਸੁਭਾਗੀ ਗੱਲ ਹੈ। ਜ਼ਿਕਰਯੋਗ ਹੈ ਕਿ 11.75 ਕਰੋੜ ਦੀ ਲਾਗਤ ਵਾਲੇ ਇਸ ਸੈਂਟਰ ਦੀ ਸਮਰੱਥਾ 30 ਬਿਸਤਰਿਆਂ ਦੀ ਹੋਵੇਗੀ।ਇਸ ਪ੍ਰਾਜੈਕਟ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਕੇਂਦਰ ਅਸਲ ਵਿੱਚ 1975 ਵਿੱਚ 10 ਬਿਸਤਰਿਆਂ ਦੀ ਸਮਰੱਥਾ ਨਾਲ ਸਥਾਪਿਤ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਦੀ ਸਮਰੱਥਾ ਵਧਾ ਕੇ 20 ਬਿਸਤਰਿਆਂ ਤੱਕ ਕਰ ਦਿੱਤੀ ਗਈ ਸੀ। ਹੁਣ ਇਲਾਕੇ ਦੀ ਲੋੜ ਦੇ ਮੱਦੇਨਜ਼ਰ ਇਸ ਨੂੰ 30 ਬਿਸਤਰਿਆਂ ਤੱਕ ਵਧਾ ਦਿੱਤਾ ਗਿਆ ਹੈ। ਲਗਪਗ 50 ਹਜ਼ਾਰ ਲੋਕਾਂ ਨੂੰ ਐਮਰਜੈਂਸੀ ਅਤੇ ਵਿਸ਼ੇਸ਼ ਡਾਕਟਰੀ ਸੇਵਾਵਾਂ ਉਪਲਬਧ ਕਰਵਾਉਣ ਵਾਲਾ ਇਹ ਕੇਂਦਰ ਇਲਾਕੇ ਦੇ ਲੋਕਾਂ ਲਈ ਵਰਦਾਨ ਸਾਬਿਤ ਹੋਵੇਗਾ। ਸੜਕ ਹਾਦਸਿਆਂ ਦੇ ਪੀੜਤਾਂ ਅਤੇ ਗੰਭੀਰ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਐਮਰਜੈਂਸੀ ਦੇਖਭਾਲ ਮਿਲੇਗੀ ਅਤੇ ਇੱਥੇ ਸਰਜੀਕਲ ਪ੍ਰੋਸੀਜ਼ਰਜ਼ ਸਬੰਧੀ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ।"ਇਸ ਹਸਪਤਾਲ ਵਿੱਚ ਉਪਲਬਧ ਡਾਕਟਰੀ ਸੇਵਾਵਾਂ ਗਿਣਵਾਉਂਦਿਆਂ ਉਨ੍ਹਾਂ ਕਿਹਾ, "ਈ.ਐਨ.ਟੀ. ਅਤੇ ਦੰਦਾਂ ਦੀਆਂ ਸੇਵਾਵਾਂ ਦੇ ਨਾਲ-ਨਾਲ ਬੱਚਿਆਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਬਾਲ ਰੋਗਾਂ ਦੇ ਮਾਹਿਰ ਵੀ ਉਪਲਬਧ ਹੋਣਗੇ। ਮੁਫ਼ਤ ਜੱਚਾ-ਬੱਚਾ ਸਿਹਤ ਸੰਭਾਲ ਸੇਵਾਵਾਂ, ਐਕਸ-ਰੇਅ ਅਤੇ ਖੂਨ ਦੀ ਜਾਂਚ ਸਬੰਧੀ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਨਸ਼ਾ ਛੁਡਾਉਣ ਵਾਲੇ ਮਰੀਜ਼ਾਂ ਨੂੰ ਵੀ ਸੀਐਚਸੀ ਵਿੱਚ ਇਲਾਜ ਦੀ ਸਹੂਲਤ ਦਿੱਤੀ ਜਾਵੇਗੀ।"

ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਨਸ਼ਿਆਂ ਨੂੰ ਕਾਨੂੰਨੀ ਮਾਨਤਾ ਦੇਣ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ, ''ਇਹ ਤਰਕਹੀਣ ਅਤੇ ਬੇਤੁਕਾ ਹੈ ਕਿਉਂਕਿ ਇੱਕ ਨਸ਼ਾ ਦੂਜੇ ਦੀ ਥਾਂ ਨਹੀਂ ਲੈ ਸਕਦਾ। ਇਸ ਦੀ ਬਜਾਏ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤ ਕੇ ਇਸ ਬਿਮਾਰੀ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਸੂਬਾ ਸਰਕਾਰ ਨੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਪਹਿਲਾਂ ਹੀ ਕਈ ਪਹਿਲਕਦਮੀਆਂ ਸ਼ੁਰੂ ਕਰ ਦਿੱਤੀਆਂ ਹਨ।''ਸੂਬੇ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ ਦੇ ਹਾਂਪੱਖੀ ਹੁੰਗਾਰੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, ''ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਪਹਿਲਾਂ ਹੀ ਸੂਬੇ ਵਿੱਚ ਨਸ਼ਾ ਕਾਰੋਬਾਰ ਦਾ ਲੱਕ ਤੋੜਿਆ ਹੈ। ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਗਈ ਹੈ, ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। 'ਆਪ' ਸਰਕਾਰ ਜਲਦੀ ਹੀ ਉਨ੍ਹਾਂ ਬਹਾਦਰਾਂ ਨੂੰ ਸਨਮਾਨਿਤ ਕਰਨ ਲਈ ਇੱਕ ਮੁਹਿੰਮ ਸ਼ੁਰੂ ਕਰੇਗੀ, ਜਿਨ੍ਹਾਂ ਨੇ ਨਸ਼ਾ ਤਸਕਰਾਂ ਵਿਰੁੱਧ ਅਹਿਮ ਜਾਣਕਾਰੀ ਦਿੱਤੀ।''

ਪ੍ਰਸ਼ਾਸਨ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਆਪ' ਸਰਕਾਰ ਨੇ ਹਰ ਖੇਤਰ ਵਿੱਚ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ, ਜਿਸ ਕਾਰਨ ਇਨ੍ਹਾਂ ਖੇਤਰਾਂ ਵਿੱਚ ਵੱਡੀ ਤਬਦੀਲੀ ਆਈ ਹੈ। ਲੋਕਾਂ ਦੇ ਟੈਕਸ ਦਾ ਪੈਸਾ ਸੂਬੇ ਦਾ ਹੈ ਅਤੇ ਉਹ ਇਸ ਨੂੰ ਸਮਝਦਾਰੀ ਨਾਲ ਲੋਕਾਂ ਦੀ ਭਲਾਈ 'ਤੇ ਖਰਚ ਕਰ ਰਹੇ ਹਨ। ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਦਾ ਪੈਸਾ ਲੋਕਾਂ ਕੋਲ ਵਾਪਸ ਆ ਰਿਹਾ ਹੈ। ਸੂਬਾ ਸਰਕਾਰ ਨੇ 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ, ਭ੍ਰਿਸ਼ਟਾਚਾਰ ਤੋਂ ਬਿਨਾਂ 65 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ, ਬਿਹਤਰ ਸੜਕਾਂ, ਬੰਦ ਕੀਤੇ ਗਏ ਟੋਲ ਪਲਾਜ਼ੇ ਰੋਜ਼ਾਨਾ 70 ਲੱਖ ਰੁਪਏ ਦੀ ਬੱਚਤ ਕਰ ਰਹੇ ਹਨ ਅਤੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰ ਰਹੇ ਹਨ।ਇਸ ਮੌਕੇ ਕੈਬਨਿਟ ਮੰਤਰੀ ਅਤੇ ਸਥਾਨਕ ਵਿਧਾਇਕ ਅਮਨ ਅਰੋੜਾ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੀ ਮੌਜੂਦ ਸਨ।

# ਡਰੱਗ ਮਾਮਲੇ ਵਿੱਚ ਗੁਰਅਮ੍ਰਿਤ ਸਿੱਧੂ ਨੇ ਆਪਣਾ ਗੁਨਾਹ ਕਬੂਲਿਆ

ਸੈਕਰਾਮੈਂਟੋ
ਹੁਸਨ ਲੜੋਆ

ਬਰੈਂਪਟਨ ਵਾਸੀ ਗੁਰਅਮ੍ਰਿਤ ਸਿੱਧੂ ਜਿਸ ਨੂੰ 2024 ਵਿਚ ਡਰੱਗ ਮਾਮਲੇ ਦਾ ਸਾਹਮਣਾ ਕਰਨ ਲਈ ਅਮਰੀਕਾ ਦੇ ਸਪੁਰਦ ਕੀਤਾ ਗਿਆ ਸੀ, ਨੇ ਲਾਸ ਏਂਜਲਸ ਦੀ ਇਕ ਸੰਘੀ ਅਦਾਲਤ ਵਿੱਚ ਆਪਣੇ ਵਿਰੁੱਧ ਲੱਗੇ ਵੱਡੀ ਪੱਧਰ 'ਤੇ ਡਰੱਗ ਤਸਕਰੀ ਕਰਨ ਦੇ ਦੋਸ਼ਾਂ ਨੂੰ ਮੰਨ ਲਿਆ ਹੈ। 62 ਸਾਲਾ ਸਿੱਧੂ ਜਿਸ ਨੂੰ ਕੌਮਾਂਤਰੀ ਡਰੱਗ ਟਰੈਫਿਕਿੰਗ ਸਿੰਡੀਕੇਡ ਦਾ ਸਰਗਰਨਾ ਮੰਨਿਆ ਜਾਂਦਾ ਹੈ , ਨੇ ਅਦਾਲਤ ਵਿੱਚ ਦਰਖਾਸਤ ਦਾਇਰ ਕਰਕੇ ਸਵਿਕਾਰ ਕੀਤਾ ਕਿ ਉਹ ਵੱਡੀ ਪੱਧਰ 'ਤੇ ਡਰੱਗ ਦੇ ਕਾਰੋਬਾਰ ਵਿੱਚ ਸ਼ਾਮਿਲ ਰਿਹਾ ਹੈ।

ਸਿੱਧੂ ਵਿਰੁੱਧ ਦੋਸ਼ ਹਨ ਕਿ ਉਸ ਨੇ 2022 ਦੇ ਅੰਤ ਵਿੱਚ 5 ਹਫਤਿਆਂ ਦੌਰਾਨ 1.7 ਕਰੋੜ ਡਾਲਰ ਮੁੱਲ ਦੀ ਮੈਥੰਫੇਟਾਮਾਈਨ ਤੇ ਕੋਕੀਨ ਅਮਰੀਕਾ ਤੋਂ ਕੈਨੇਡਾ ਭੇਜੀ। ਸੰਘੀ ਵਕੀਲਾਂ ਤੇ ਅਦਾਲਤੀ ਦਸਤਾਵੇਜਾਂ ਅਨੁਸਾਰ ਸਿੱਧੂ ਦੀ ਸਿੰਡੀਕੇਟ ਅਮਰੀਕਾ ਵਿੱਚੋਂ ਥੋਕ ਵਿੱਚ ਡਰੱਗ ਖ੍ਰੀਦ ਕੇ ਉਸ ਨੂੰ ਸੈਮੀ ਟਰੱਕਾਂ ਰਾਹੀਂ ਕੈਨੇਡਾ ਭੇਜਦੀ ਸੀ ਜਿਥੇ ਇਹ ਡਰੱਗ ਵੇਚਿਆ ਜਾਂਦਾ ਸੀ। ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਸੰਤਬਰ ਤੇ ਅਕਤੂਬਰ ਦਰਮਿਆਨ ਸਿੱਧੂ ਦੁਆਰਾ ਭੇਜੀਆਂ ਵੱਖ ਵੱਖ 8 ਖੇਪਾਂ ਨੂੰ ਫੜਿਆ ਜਿਨਾਂ ਵਿੱਚ 523 ਕਿਲੋਗ੍ਰਾਮ ਮੈਥੰਫੇਟਾਮਾਈਨ ਤੇ 347 ਕਿਲੋਗ੍ਰਾਮ ਕੋਕੀਨ ਸ਼ਾਮਿਲ ਸੀ। ਇਸ ਮਾਮਲੇ ਵਿੱਚ ਕੁਲ 19 ਸ਼ੱਕੀ ਦੋਸ਼ੀ ਸ਼ਾਮਿਲ ਹਨ ਜਿਨਾਂ ਵਿੱਚੋਂ ਸਿੱਧੂ ਸਤਵੇਂ ਦੋਸ਼ੀ ਹਨ ਜਿਸ ਨੇ ਗੁਨਾਹ ਦਰਖਾਸਤ ਦਾਇਰ ਕੀਤੀ ਹੈ। ਉਸ ਦੇ ਸਾਥੀ ਦੋਸ਼ੀਆਂ ਨੂੰ 2 ਤੋਂ 9 ਸਾਲ ਸਜ਼ਾ ਹੋਈ ਹੈ ਜਦ ਕਿ ਸਿੱਧੂ ਦੀ ਭੂਮਿਕਾ ਇੱਕ ਸਰਗਨੇ ਦੀ ਹੈ, ਉਸ ਨੂੰ ਗੰਭੀਰ ਕਾਨੂੰਨੀ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂ ਐਸ ਡਿਸਟ੍ਰਿਕਟ ਜੱਜ ਜੌਹਨ ਏ ਕਰੋਨਸਟਾਡਟ ਨੇ ਸਿੱਧੂ ਨੂੰ ਸਜ਼ਾ ਸੁਣਾਉਣ ਲਈ 9 ਜੁਲਾਈ ਤਰੀਕ ਤੈਅ ਕੀਤੀ ਹੈ।

# ਸਨੀ ਹਾਈ ਸਕੂਲ ਦੇ ਪੰਜਾਬੀ ਵਿਦਿਆਰਥੀ ਨੇ 50 ਹਜਾਰ ਡਾਲਰ ਦੀ ਸਕਾਲਰਸ਼ਿੱਪ ਜਿੱਤੀ

ਸੈਕਰਾਮੈਂਟੋ
ਹੁਸਨ ਲੜੋਆ

ਸਨੀ ਹਿਲਜ ਹਾਈ ਸਕੂਲ ਦੇ ਵਿਦਿਆਰਥੀ ਮਨਵੀਰ ਸਿੰਘ ਅਨੰਦ ਦਾ 50 ਹਜਾਰ ਡਾਲਰ ਦੀ ਐਡੀਸਨ ਸਕਾਲਰਸ਼ਿੱਪ ਨਾਲ ਸਨਮਾਨ ਕੀਤਾ ਗਿਆ। ਇਹ ਸਕਾਲਰਸ਼ਿੱਪ ਉੱਚ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ। ਐਡੀਸਨ ਸਕਾਲਰਸ਼ਿੱਪ ਪ੍ਰੋਗਰਾਮ ਉਨਾਂ ਵਿਦਿਆਰਥੀਆਂ ਦੀ ਸਹਾਇਤਾ ਲਈ ਸ਼ੁਰੂ ਕੀਤਾ ਗਿਆ ਸੀ ਜੋ ਵਿਦਿਆਰਥੀ ਗੁੰਝਲਦਾਰ ਸਮੱਸਿਆਵਾਂ ਦੇ ਹੱਲ ਲਈ ਟੈਕਨੀਕਲ ਡਿਗਰੀ ਕਰਨਾ ਚਹੁੰਦੇ ਹਨ। ਇਸ ਮੌਕੇ ਮਨਵੀਰ ਸਿੰਘ ਦੇ ਪਰਿਵਾਰਕ ਮੈਂਬਰ ਵੀ ਹਾਜਰ ਸਨ। ਅਨੰਦ ਜੋ ਪੰਜਾਬੀ ਬੋਲਦੇ ਹਨ, 'ਅਪਲਾਈਡ ਮੈਥੇਮੈਟਿਕਸ' ਵਿੱਚ ਮਾਨਵੀ ਕਦਰਾਂ ਕੀਮਤਾਂ 'ਤੇ ਆਪਣਾ




ਅਕਾਦਮਿਕ ਕਰੀਅਰ ਬਣਾਉਣਾ ਚਹੁੰਦੇ ਹਨ। ਉਸ ਦਾ ਟੀਚਾ ਇਕ ਅਜਿਹਾ ਭਵਿੱਖੀ ਮਾਡਲ ਤੇ ਗਣਿਤ ਵਿਧੀ ਤਿਆਰ ਕਰਨਾ ਹੈ ਜੋ ਬੇਆਸਰਿਆਂ, ਫੂਡ ਬੈਂਕਾਂ ਤੇ ਜਨਤਿਕ ਰਸੋਈਆਂ ਦੀ ਉਨਾਂ ਦੇ ਸਾਧਨਾਂ ਅਨੁਸਾਰ ਸਹਾਈ ਹੋ ਸਕੇ। ਉਸ ਦਾ ਵਿਸ਼ਵਾਸ਼ ਹੈ ਕਿ ਸਥਾਨਕ ਸਹਾਇਤਾ ਘੇਰਾ ਵਧਣ ਦੇ ਨਾਲ- ਨਾਲ ਉਹ ਭੋਜਨ ਦੀ ਬਰਬਾਦੀ ਨੂੰ ਰੋਕ ਸਕਣਗੇ।

# 38ਵੀਆਂ ਆਸਟ੍ਰੇਲੀਅਨ ਸਿੱਖ ਗੇਮਜ਼ 2026 ਦਾ ਹੋਇਆ ਆਗਾਜ਼

ਮੈਲਬੌਰਨ
ਸਾਂਝੀ ਸੋਚ ਬਿਊਰੋ

ਆਸਟ੍ਰੇਲੀਆ 'ਚ 38ਵੀਆਂ ਸਿੱਖ ਗੇਮਜ਼ 2026 ਦਾ ਆਗਾਜ਼ ਹੋ ਗਿਆ ਹੈ। ਇਹ ਸਿੱਖ ਖੇਡਾਂ ਅੱਜ 3 ਅਪ੍ਰੈਲ ਤੋਂ ਲੈ ਕੇ 5 ਅਪ੍ਰੈਲ ਤੱਕ ਮੈਲਬੌਰਨ 'ਚ ਹੋਣਗੀਆਂ। ਇਨ੍ਹਾਂ ਤਿੰਨ ਦਿਨਾਂ ਦੌਰਾਨ ਹਾਕੀ, ਨੈੱਟਬਾਲ ਅਤੇ ਬਾਸਕਟਬਾਲ ਤੋਂ ਲੈ ਕੇ ਕਬੱਡੀ, ਫੁਟਬਾਲ, ਕ੍ਰਿਕਟ, ਅਥਲੈਟਿਕਸ ਅਤੇ ਹੋਰ ਬਹੁਤ ਸਾਰੀਆਂ ਲੋਕਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਖੇਡਾਂ 'ਚ 9,000+ ਐਥਲੀਟਾਂ, 500+ ਟੀਮਾਂ ਅਤੇ 150,000+ ਦਰਸ਼ਕਾਂ ਦੇ ਨਾਲ, ਇਹ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਸਿੱਖ ਖੇਡਾਂ ਵਿੱਚੋਂ ਇੱਕ ਹੋਣ




ਲਈ ਤਿਆਰ ਹਨ। ਖੇਡਾਂ ਦੌਰਾਨ ਪ੍ਰਬੰਧਕਾਂ ਵੱਲੋਂ ਸਾਡਾ ਲੰਗਰ (ਕਮਿਊਨਿਟੀ ਰਸੋਈ) ਸਾਰੇ ਹਫਤੇ ਦੇ ਅੰਤ ਵਿੱਚ ਸਾਰਿਆਂ ਲਈ ਮੁਫ਼ਤ ਭੋਜਨ ਪਰੋਸੇਗਾ।

ਇਸ ਤੋਂ ਇਲਾਵਾ ਹਰ ਦਿਨ ਦੇ ਅੰਤ 'ਚ ਸੱਭਿਆਚਾਰਕ ਪ੍ਰੋਗਰਾਮਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

- 3 ਅਪ੍ਰੈਲ: ਭੰਗੜਾ ਬੈਟਲ
- 4 ਅਪ੍ਰੈਲ: ਗਿੱਧਾ ਟਅਤੇ ਥੀਏਟਰ
- ਸ਼ਾਮ 7 ਵਜੇ ਤੋਂ ਰਾਤ 11 ਵਜੇ, ਕਲਾਕਟਾਵਰ, ਮੂਨੀ ਪੌਂਡਸ

**ਆਗੈ ਸਮਝ ਚੱਲੋ ਨੰਦ ਲਾਲਾ, ਪਾਛੈ ਜੋ ਬੀਤੀ ਸੋ ਬੀਤੀ॥**

# ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ

## ਵਿਸਾਖੀ ਦੇ ਪਾਵਨ ਮੌਕੇ 'ਤੇ ਵਿਸ਼ਾਲ ਗੁਰਮਤਿ ਸਮਾਗਮ



# ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ 'ਚ

## ਸੰਤ ਬਾਬਾ ਠਾਕੁਰ ਸਿੰਘ ਜੀ (ਦਮਦਮੀ ਟਕਸਾਲ) ਵਾਲਿਆਂ ਦੇ ਯਾਦਗਾਰੀ ਅਸਥਾਨ 'ਤੇ

## ਵਿਸਾਖੀ ਦੇ ਪਾਵਨ ਮੌਕੇ 'ਤੇ 1 ਤੋਂ 14 ਅਪ੍ਰੈਲ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ।

**ਖਾਸ ਹਾਜ਼ਰੀਆਂ :**

1 ਅਪ੍ਰੈਲ – 9 ਅਪ੍ਰੈਲ



ਢਾਡੀ ਜਥਾ
ਭਾਈ ਅਮਰਜੀਤ ਸਿੰਘ ਜੀ ਜੋਹਲ (ਬਿਧੀਪੁਰ)

10 ਅਪ੍ਰੈਲ – 14 ਅਪ੍ਰੈਲ



ਢਾਡੀ ਜਥਾ
ਭਾਈ ਤਰਸੇਮ ਸਿੰਘ ਜੀ ਮੋਰਾਂਵਾਲੀ

14 ਅਪ੍ਰੈਲ



ਰਾਗੀ ਜਥਾ
ਭਾਈ ਆਤਮਜੋਤ ਸਿੰਘ ਜੀ (ਯੂਬਾ ਸਿਟੀ) ਵਾਲੇ

**ਅੰਮ੍ਰਿਤ ਸੰਚਾਰ 12 ਅਪ੍ਰੈਲ ਦੁਪਹਿਰ 2 ਵਜੇ**

**ਸੰਗਤਾਂ ਲਈ ਲੰਗਰ ਦੇ ਬਿਅੰਤ ਸਟਾਲਾਂ ਦਾ ਵਿਸ਼ੇਸ਼ ਪ੍ਰਬੰਧ**

## ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।

ਹੈਡ ਗ੍ਰੰਥੀ: ਬਾਬਾ ਜੋਗਿੰਦਰ ਸਿੰਘ ਜੀ 209-445-5972 | ਪ੍ਰਧਾਨ: ਭਾਈ ਜਰਨੈਲ ਸਿੰਘ ਜੀ 209-321-1733

2050 W. Woodward Ave, Manteca, CA 95337

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥



## ਕੈਲੀਫੋਰਨੀਆ ਦੀ ਧਰਤੀ 'ਤੇ ਪਹਿਲੀ ਵਾਰ

ਸੈਕਰਾਮੈਂਟੋ ਦੇ ਕੈਪੀਟਲ ਗਰਾਉਂਡ 'ਚ ਬੜੀ ਸ਼ਰਧਾ, ਭਾਵਨਾ ਤੇ ਧੂਮਧਾਮ ਨਾਲ ਸਿੱਖ ਪੰਥ ਵੱਲੋਂ

# ਖਾਲਸਾ ਸਾਜਨਾ ਦਿਵਸ 2026

ਸ਼ਾਨੋ-ਸ਼ੌਕਤ ਤੇ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ।

## ਇਹ ਸਿਰਫ਼ ਇੱਕ ਸਮਾਗਮ ਨਹੀਂ...

**ਇਹ ਸਾਡੀ ਪਛਾਣ, ਸਾਡੀ ਏਕਤਾ ਤੇ ਸਾਡੀ ਵਿਰਾਸਤ ਦਾ ਪ੍ਰਤੀਕ ਹੈ।**



**ਮਿਤੀ: 18 ਅਪ੍ਰੈਲ 2026, ਸ਼ਨੀਵਾਰ**

**ਸਮਾਂ: ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ**

ਸਾਰੀ ਸੰਗਤ ਨੂੰ State Capital of California, Sacramento 'ਚ ਪਹੁੰਚਣ ਲਈ ਨਿਮਰ ਸੱਦਾ ਦਿੱਤਾ ਜਾਂਦਾ ਹੈ।

## ਆਓ, ਇਸ ਇਤਿਹਾਸਿਕ ਦਿਹਾੜੇ ਨੂੰ ਮਿਲ ਕੇ ਮਨਾਈਏ...

ਕੀਰਤਨ, ਅਰਦਾਸ ਤੇ ਗੁਰੂ ਸਾਹਿਬ ਦੀ ਬਾਣੀ ਨਾਲ ਜੀਵਨ ਨੂੰ ਨਿਹਾਲ ਕਰੀਏ।
ਅਮਰੀਕਨ ਭਾਈਚਾਰੇ ਨਾਲ ਸਿੱਖ ਧਰਮ ਦੀਆਂ ਮਹਾਨ ਸਿੱਖਿਆਵਾਂ ਸਾਂਝੀਆਂ ਕਰੀਏ।

**ਗੁਰੂ ਕੇ ਲੰਗਰ ਦੀ ਸੇਵਾ :**

ਸਮੂਹ ਮਹਿੰਦਰ ਸਿੰਘ ਢੰਡਾ ਪਰਿਵਾਰ,
ਸਮੂਹ ਮਲਕੀਤ ਸਿੰਘ ਜੌਹਲ ਪਰਿਵਾਰ,
ਸਮੂਹ ਨੌਜਵਾਨ ਵੀਰ (ਕਰਨਾਲ)

**ਸੰਗਤ ਦੀ ਸਹੂਲਤ ਲਈ :**

**ਸ. ਨਰਿੰਦਰ ਸਿੰਘ ਥਾਂਦੀ**
(ਪ੍ਰਧਾਨ ਗੁ. ਵੈਸਟ ਸੈਕਰਾਮੈਂਟੋ) ਵਲੋਂ

**ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ**

ਗੁਰਦੁਆਰਾ ਸਾਹਿਬ ਤੋਂ ਕੈਪੀਟਲ ਗਰਾਉਂਡ ਤੱਕ
ਫ੍ਰੀ ਬੱਸ ਸੇਵਾ ਉਪਲੱਬਧ ਹੋਵੇਗੀ।

**ਖਾਸ ਬੇਨਤੀ :** ਸਾਰੇ ਵੀਰ ਬਸੰਤੀ ਰੰਗ ਦੀਆਂ ਪੱਗਾਂ, ਬੀਬੀਆਂ ਬਸੰਤੀ ਰੰਗ ਦੇ ਦੁਪੱਟੇ ਪਹਿਨ ਕੇ ਆਉਣ ਤਾਂ ਜੋ ਖਾਲਸੇ ਦੀ ਸ਼ਾਨ ਹੋਰ ਵੀ ਨਿਖਰੇ।

**ਸਹਿਯੋਗੀ ਸੰਸਥਾਵਾਂ :**
• ਗੁਰਦੁਆਰਾ ਪ੍ਰਬੰਧਕ ਕਮੇਟੀ ਵੈਸਟ ਸੈਕਰਾਮੈਂਟੋ • ਇਲਾਕੇ ਦੀਆਂ ਗੁਰਦੁਆਰਾ ਕਮੇਟੀਆਂ • ਕੈਲੀਫੋਰਨੀਆ ਸਿੱਖ ਯੂਥ ਐਲਾਇਨਸ
• ਸਮੂਹ ਸਾਧ ਸੰਗਤ • ਨੌਜਵਾਨ ਵੀਰ (ਕਰਨਾਲ) • Bhagat Puran Singh Health Initiative

## ਵਧੇਰੇ ਜਾਣਕਾਰੀ ਲਈ : 916-600-1435


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਈਰਾਨ ਦੇ ਸਾਬਕਾ ਵਿਦੇਸ਼ ਮੰਤਰੀ ਖਰਾਜੀ ਅਮਰੀਕੀ ਹਮਲੇ ਵਿੱਚ ਗੰਭੀਰ ਜ਼ਖ਼ਮੀ

ਤਹਿਰਾਨ
ਸਾਂਝੀ ਸੋਚ ਬਿਊਰੋ



ਮੱਧ ਪੂਰਬ ਵਿੱਚ ਜਾਰੀ ਜੰਗ ਦੇ ਵਿਚਕਾਰ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਈਰਾਨ ਦੇ ਸਾਬਕਾ ਵਿਦੇਸ਼ ਮੰਤਰੀ ਅਤੇ ਰਣਨੀਤਕ ਸਲਾਹਕਾਰ ਕਮਲ ਖਰਾਜੀ ਦੀ ਤੇਹਰਾਨ ਸਥਿਤ ਰਿਹਾਇਸ਼ ‘ਤੇ ਹੋਏ ਇੱਕ ਘਾਤਕ ਹਵਾਈ ਹਮਲੇ ਵਿੱਚ ਉਨ੍ਹਾਂ ਦੀ ਪਤਨੀ ਦੀ ਮੌਤ ਹੋ ਗਈ ਹੈ, ਜਦੋਂ ਕਿ ਖਰਾਜੀ ਖ਼ੁਦ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ।ਸਾਬਕਾ ਵਿਦੇਸ਼ ਮੰਤਰੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

ਹਮਲੇ ਦੌਰਾਨ ਉਨ੍ਹਾਂ ਦੀ ਪਤਨੀ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ, ਇਹ ਸਪੱਸ਼ਟ ਤੌਰ ‘ਤੇ ਇੱਕ ਨਿਸ਼ਾਨਾ ਬਣਾ ਕੇ ਕੀਤਾ ਗਿਆ ਕਤਲ ਦਾ ਯਤਨ ਸੀ। ਸਿਰਫ਼ ਤੇਹਰਾਨ ਹੀ ਨਹੀਂ, ਸਗੋਂ ਵੀਰਵਾਰ ਨੂੰ ਈਰਾਨ ਦੇ ਕਈ ਹੋਰ ਸ਼ਹਿਰਾਂ ਜਿਵੇਂ ਕਿ ਇਸਫਾਹਾਨ ਅਤੇ ਸ਼ਿਰਾਜ਼ ਵਿੱਚ ਵੀ ਹਵਾਈ ਹਮਲੇ ਦੀ ਖਬਰ ਹੈ।ਇਸ ਹਮਲੇ ਤੋਂ ਬਾਅਦ ਈਰਾਨ ਦੀ ਫੌਜ ਨੇ ਸਖ਼ਤ ਰੁਖ ਅਪਣਾਇਆ ਹੈ। ਹਥਿਆਰਬੰਦ ਬਲਾਂ ਦੇ ਬੁਲਾਰੇ ਇਬਰਾਹਿਮ ਜ਼ੋਲਫਘਰੀ ਨੇ ਕਿਹਾ ਕਿ ਤੇਹਰਾਨ ਇਸ ਜੰਗ ਨੂੰ ਉਦੋਂ ਤੱਕ ਜਾਰੀ ਰੱਖੇਗਾ ਜਦੋਂ ਤੱਕ ਅਮਰੀਕਾ ਅਤੇ ਇਜ਼ਰਾਈਲ ਨੂੰ ‘ਸਥਾਈ ਆਤਮ ਸਮਰਪਣ ਅਤੇ ਪਛਤਾਵੇ’ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਉਹ ਇਸ ਜੰਗ ਨੂੰ ਉਦੋਂ ਤੱਕ ਜਾਰੀ ਰੱਖਣਗੇ ਜਦੋਂ ਤੱਕ ਅਮਰੀਕਾ ਅਤੇ ਇਜ਼ਰਾਈਲ ਨੂੰ ਹਮੇਸ਼ਾ ਲਈ ਪਛਤਾਵਾ ਨਹੀਂ ਹੋ ਜਾਂਦਾ।ਈਰਾਨ ਦੇ ਫ਼ੌਜੀ ਮੁੱਖ ਦਫ਼ਤਰ ਦੇ ਬੁਲਾਰੇ ਇਬਰਾਹਿਮ ਜ਼ੋਲਫਘਰੀ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ਦੀ ਤਾਕਤ ਨੂੰ ਘੱਟ ਆਂਕਿਆ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਵੱਡੇ ਅਤੇ ਖ਼ਤਰਨਾਕ ਹਮਲੇ ਕੀਤੇ ਜਾਣਗੇ।

# ਨਿਊਜ਼ੀਲੈਂਡ 'ਚ ਪੰਜਾਬੀ ਵਿਅਕਤੀ ਨੂੰ ਉਮਰ ਕੈਦ
## ਗੁਰਜੀਤ ਸਿੰਘ ਕਤਲ ਮਾਮਲੇ 'ਚ ਅਦਾਲਤ ਨੇ ਸੁਣਾਇਆ ਫੈਸਲਾ



ਆਕਲੈਂਡ
ਸਾਂਝੀ ਸੋਚ ਬਿਊਰੋ

ਨਿਊਜ਼ੀਲੈਂਡ ’ਚ ਪੰਜਾਬੀ ਵਿਅਕਤੀ ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ ਹੈ। ਇਹ ਫੈਸਲਾ ਸ਼ਹਿਰ ਡੁਨੀਡਨ ਦੀ ਹਾਈ ਕੋਰਟ ਨੇ 2024 ‘ਚ ਗੁਰਜੀਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਸੁਣਾਇਆ ਹੈ। ਦੋਸ਼ੀ ਰਾਜਿੰਦਰ ਨੂੰ 8,000 ਡਾਲਰ ਤੋਂ ਵੱਧ ਦਾ ਜੁਰਮਾਨਾ ਭਰਨ ਦਾ ਵੀ ਹੁਕਮ ਵੀ ਦਿੱਤਾ ਹੈ।ਦੱਸ ਦਈਏ ਕਿ 28 ਜਨਵਰੀ 2024 ਨੂੰ ਰਾਜਿੰਦਰ ਨੇ ਗੁਰਜੀਤ ਸਿੰਘ ਦੇ ਘਰ ਜਾ ਕੇ ਉਸ ’ਤੇ ਚਾਕੂ ਨਾਲ ਹਮਲਾ ਕਰ ਦਿੱਤਾ ਸੀ। ਗੁਰਜੀਤ ਦੀ ਲਾਸ਼ ਅਗਲੀ ਸਵੇਰ ਉਸ ਦੇ ਲਾਅਨ ਵਿੱਚੋਂ ਖ਼ੂਨ ਨਾਲ ਲੱਥਪੱਥ ਮਿਲੀ ਸੀ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਕਤਲ ਤੋਂ ਕੁਝ ਘੰਟੇ ਪਹਿਲਾਂ ਰਾਜਿੰਦਰ ਨੂੰ ਇੱਕ ਸਟੋਰ ਤੋਂ ਚਾਕੂ, ਦਸਤਾਨੇ ਅਤੇ ਗਰਦਨ ਦਾ ਮਾਸਕ ਖਰੀਦਦੇ ਹੋਏ ਸੀ.ਸੀ.ਟੀ.ਵੀ ਕੈਮਰਿਆਂ ਵਿੱਚ ਵੀ ਕੈਦ ਕੀਤਾ ਗਿਆ ਸੀ।ਇਸ ਤੋਂ ਇਲਾਵਾ ਰਾਜਿੰਦਰ ਦੀ ਪਤਨੀ ਗੁਰਪ੍ਰੀਤ ਕੌਰ ਨੇ ਇਸ ਮਾਮਲੇ ‘ਚ ਸਬੂਤ ਮਿਟਾਉਣ ਦਾ ਗੁਨਾਹ ਵੀ ਕਬੂਲ ਕੀਤਾ ਹੈ। ਗੁਰਪ੍ਰੀਤ ਕੌਰ ਨੂੰ ਇਸ ਅਪਰਾਧ ਲਈ ਜੁਲਾਈ ਵਿੱਚ ਸਜ਼ਾ ਸੁਣਾਈ ਜਾਵੇਗੀ। ਦੱਸ ਦਈਏ ਕਿ ਕਿਸੇ ਪੁਰਾਣੀ ਰੰਜਿਸ਼ ਅਤੇ ‘ਲਵ ਟਰੈਂਗਲ’ ਦੇ ਚਲਦਿਆ ਇਸ ਕਤਲ ਦੀ ਵਾਰਦਾਤ ਨੂੰ ਅੰਜ਼ਾਮ ਦਿੱਤਾ ਗਿਆ ਸੀ।

# ਕਾਂਗਰਸੀ ਆਗੂ ਖੁਸ਼ਬਾਜ ਸਿੰਘ ਜਟਾਣਾ ਦੀ ਸੜਕ ਹਾਦਸੇ ਵਿੱਚ ਮੌਤ
## ਗੁਰਸ਼ਰਨ ਸਿੰਘ ਰਿਆੜ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

ਬੰਗਾ
ਸਾਂਝੀ ਸੋਚ ਬਿਊਰੋ



ਕਾਂਗਰਸੀ ਆਗੂ ਖੁਸ਼ਬਾਜ ਸਿੰਘ ਜਟਾਣਾ ਅਤੇ ਉਨ੍ਹਾਂ ਦੇ ਡਰਾਈਵਰ ਪਰਮਿੰਦਰ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ, ਜਦਕਿ ਉਨ੍ਹਾਂ ਦਾ ਗੰਨਮੈਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਦਿੱਲੀ ਤੋਂ ਪੰਜਾਬ ਆਪਣੇ ਘਰ ਪਰਤ ਰਹੇ ਸਨ।ਮਿਲੀ ਜਾਣਕਾਰੀ ਅਨੁਸਾਰ ਰਸਤੇ ਵਿੱਚ ਉਨ੍ਹਾਂ ਦੀ ਗੱਡੀ ਦਾ ਟਾਇਰ ਪੰਕਚਰ ਹੋਣ ਕਾਰਨ ਵਾਹਨ ਨੂੰ ਸੜਕ ਕਿਨਾਰੇ ਰੋਕਿਆ ਗਿਆ ਸੀ, ਉਦੋਂ ਹੀ ਪਿੱਛੇ ਤੋਂ ਆ ਰਹੇ ਤੇਜ਼ ਰਫ਼ਤਾਰ ਟਰੱਕ ਨੇ ਜ਼ੋਰਦਾਰ ਟੱਕਰ ਮਾਰ ਦਿੱਤੀ।ਟੱਕਰ ਇੰਨੀ ਭਿਆਨਕ ਸੀ ਕਿ ਕਾਂਗਰਸੀ ਆਗੂ ਦੀ ਗੱਡੀ ਦਾ ਪਿਛਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਹਾਦਸੇ ਵਿੱਚ ਆਗੂ ਅਤੇ ਡਰਾਈਵਰ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਘਟਨਾ ਤੋਂ ਬਾਅਦ ਪੁਲਿਸ ਨੇ ਤੁਰੰਤ ਰਾਹਤ ਕਾਰਜ ਸ਼ੁਰੂ ਕਰ ਦਿੱਤੇ।ਗੁਰਸ਼ਰਨ ਸਿੰਘ ਰਿਆੜ ਵਾਈਸ ਚੇਅਰਮੈਨ, ਕਿਸਾਨ ਸੈੱਲ ਪੰਜਾਬ ਕਾਂਗਰਸ ਕਮੇਟੀ ਨੇ ਖੁਸ਼ਬਾਜ਼ ਜਟਾਣਾ ਦੀ ਮੌਤ ‘ਤੇ ਡੂੰਘਾ ਦੁੱਖ ਜਤਾਇਆ ਹੈ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਯੋਗਦਾਨ ਪਾਉਣ ਵਾਲੇ ਖੁਸ਼ਬਾਜ ਸਿੰਘ ਜਟਾਣਾ ਦੀ ਕਮੀ ਕਦੇ ਪੂਰੀ ਨਹੀਂ ਹੋ ਸਕਦੀ। ਇਸ ਦੁੱਖ ਦੀ ਘੜੀ ਵਿੱਚ ਮੇਰੀਆਂ ਦਿਲੀ ਸੰਵੇਦਨਾਵਾਂ ਪਰਿਵਾਰ ਨਾਲ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਿਸ਼ ਕਰਨ ਅਤੇ ਪਰਿਵਾਰ ਨੂੰ ਇਹ ਵੱਡਾ ਦੁੱਖ ਸਹਿਣ ਦੀ ਬਲ ਬਖਸ਼ਣ।

# 10000 ਰੁਪਏ ਰਿਸ਼ਵਤ ਲੈਂਦਾ ਐਸ.ਡੀ.ਓ ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੀ.ਐਸ.ਪੀ.ਸੀ.ਐਲ. ਦਫ਼ਤਰ, ਸਬ-ਡਿਵੀਜ਼ਨ ਕੁੱਪ ਕਲਾਂ ਜ਼ਿਲ੍ਹਾ ਮਲੇਰਕੋਟਲਾ ਵਿਖੇ ਤਾਇਨਾਤ ਉਪ- ਮੰਡਲ ਅਧਿਕਾਰੀ ਹਰਦੀਪ ਸਿੰਘ ਨੂੰ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਭੋਗੀਵਾਲ ਜ਼ਿਲ੍ਹਾ ਮਲੇਰਕੋਟਲਾ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਬੁਲਾਰੇ ਨੇ ਕਿਹਾ ਕਿ ਦੋਸ਼ੀ ਐਸ.ਡੀ.ਓ ਹਰਦੀਪ ਸਿੰਘ ਨੇ ਸ਼ਿਕਾਇਤਕਰਤਾ ਦੇ ਘਰ ਦੀ ਜਾਂਚ ਕੀਤੀ ਅਤੇ ਉਸਨੂੰ ਦੱਸਿਆ ਕਿ ਉਸ ਦੇ ਘਰ ਵਿੱਚ ਅਣਅਧਿਕਾਰਤ ਬਿਜਲੀ ਮੀਟਰ ਲੱਗੇ ਹੋਏ ਹਨ। ਇਸ ਸਬੰਧ ਵਿੱਚ ਮੁਲਜ਼ਮ ਐਸਡੀਓ ਨੇ ਇਨ੍ਹਾਂ ਬਿਜਲੀ ਮੀਟਰਾਂ ਨੂੰ ਚਾਲੂ ਰੱਖਣ ਲਈ ਸ਼ਿਕਾਇਤਕਰਤਾ ਤੋਂ 10000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕਰ ਲਈ ਸੀ। ਸ਼ਿਕਾਇਤਕਰਤਾ ਕੋਈ ਵੀ ਗੈਰ-ਕਾਨੂੰਨੀ ਢੰਗ ਅਖ਼ਤਿਆਰ ਕਰਨ ਜਾਂ ਰਿਸ਼ਵਤ ਦੇਣ ਲਈ ਤਿਆਰ ਨਹੀਂ ਸੀ, ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ ’ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਅਧਿਕਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ।ਇਸ ਸਬੰਧ ਵਿੱਚ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ॥



# ਜਸਵਿੰਦਰ ਕੌਰ

ਆਪ ਸਾਰੇ ਸਨੇਹੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਸਤਿਕਾਰਯੋਗ
**ਮਾਤਾ ਜਸਵਿੰਦਰ ਕੌਰ ਜੀ** ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ
ਉਹਨਾਂ ਦੀ ਮਿੱਠੀ ਪਿਆਰੀ ਯਾਦ ਵਿੱਚ

**ਗੁਰਦੁਆਰਾ ਗੁਰੂ ਅੰਗਦ ਦਰਬਾਰ :** **8100 Stine Road Bakersfield CA 93313 ਵਿਖੇ**

**10 ਅਪਰੈਲ ਸ਼ੁਕਰਵਾਰ ਨੂੰ**
ਸ਼੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ

**12 ਅਪ੍ਰੈਲ ਦਿਨ ਐਤਵਾਰ ਨੂੰ**
ਸ਼੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ


ਉਪਰੰਤ ਗੁਰਮਤ ਸਮਾਗਮ ਹੋਣਗੇ। ਜਿਸ ਵਿੱਚ ਗੁਰਬਾਣੀ ਕਥਾ ਕੀਰਤਨ ਦੇ ਪ੍ਰਵਾਹ ਚੱਲਣਗੇ।

## ਗੁਰੂ ਕੇ ਲੰਗਰਾਂ ਦੀਆਂ ਸੇਵਾਵਾਂ ਹੋਣਗੀਆਂ ।

ਆਪ ਸਾਰੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਆਪ ਜੀ ਨੇ ਇਹਨਾਂ
ਸਮਾਗਮਾਂ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।

ਦੁੱਖੀ ਹਿਰਦੇ ਨਾਲ

Ajit Singh Tut (661) 440-1466 | Jagmohan Singh (661) 425-0000
Jasbir Singh (661) 333-0659 | Manjit Singh


Pal Films Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


SIKH GURDWARA - SAN JOSE
Sikh Gurdwara San Jose
ਵਿਸਾਖੀ ਸਮਾਗਮ – 11 ਅਪ੍ਰੈਲ ਤੋਂ 14 ਅਪ੍ਰੈਲ 2026
ਸ਼ਨੀਵਾਰ, 11 ਅਪ੍ਰੈਲ
– ਅੰਮ੍ਰਿਤ ਸੰਚਾਰ –
ਸਵੇਰੇ 9:00 ਵਜੇ
ਕਕਾਰ ਪ੍ਰਦਾਨ ਕੀਤੇ ਜਾਣਗੇ
ਕਿਰਪਾ ਕਰਕੇ ਪੂਰੇ ਕੇਸ਼ੀ ਇਸ਼ਨਾਨ ਨਾਲ ਆਓ
ਐਤਵਾਰ, 12 ਅਪ੍ਰੈਲ
– Annual Khalsa Kids Day –
ਸਵੇਰੇ 10:00 – ਦੁਪਹਿਰ 2:00 ਵਜੇ
(ਉਮਰ 3–19)
ਲੰਗਰ ਹਾਲ 'ਚ ਮਨਾਇਆ ਜਾਵੇਗਾ
ਗਤੀਵਿਧੀਆਂ :
ਸਿੱਖ ਕਲਾ | ਕੀਰਤਨ | ਫੋਟੋ ਬੂਥ | ਸਟੇਜ ਪ੍ਰਦਰਸ਼ਨ | ਦਸਤਾਰ ਸਜਾਉਣਾ ਤੇ ਹੋਰ ਬਹੁਤ ਕੁਝ
ਮੰਗਲਵਾਰ, 14 ਅਪ੍ਰੈਲ (ਵਿਸਾਖੀ)
ਚੜ੍ਹਦੀ ਕਲਾ ਜਥੇ ਵੱਲੋਂ ਗੁਰਬਾਣੀ ਕੀਰਤਨ
11 ਅਪ੍ਰੈਲ (ਸ਼ਨੀਵਾਰ)
ਸ਼ਾਮ
6:10 ਵਜੇ ਤੋਂ 7:10 ਵਜੇ ਤੱਕ
12 ਅਪ੍ਰੈਲ (ਐਤਵਾਰ)
ਦੁਪਹਿਰ
12:30 ਵਜੇ ਤੋਂ 1:30 ਵਜੇ ਤੱਕ
13 ਅਪ੍ਰੈਲ (ਸੋਮਵਾਰ)
ਸ਼ਾਮ
7:30 ਵਜੇ ਤੋਂ 8:30 ਵਜੇ ਤੱਕ
14 ਅਪ੍ਰੈਲ (ਮੰਗਲਵਾਰ)
ਆਸਾ ਕੀ ਵਾਰ ਕੀਰਤਨ
ਸ਼ਾਮ 7:30 ਵਜੇ ਤੋਂ 8:30 ਵਜੇ ਤੱਕ
ਸਮੂਹ ਸੰਗਤ ਨੂੰ ਨਿਮਰ ਬੇਨਤੀ ਹੈ ਕਿ ਵਿਸਾਖੀ ਦੇ ਪਾਵਨ ਦਿਹਾੜੇ ਮੌਕੇ
ਕੀਰਤਨ, ਗੁਰਮਤਿ ਵਿਚਾਰ ਤੇ ਹੋਰ ਸਮਾਗਮਾਂ 'ਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।
ਪਤਾ: 3636 Gurudwara Avenue, San Jose, California 95148 | ਸੰਪਰਕ: (408) 274-937

ਲੜੀਵਾਰ ਸ਼ਖ਼ਸ਼ੀਅਤ ਨਾਮਾ, ਕਿਸ਼ਤ ਚੌਥੀ

# 'ਹੋਵੇ ਸਿਦਕ ਜਿਹਨਾਂ ਦੇ ਪੱਲੈ'

# ਸਿੱਖਿਆ ਦੇ ਜਗਤ ਦਾ ਧਰੂ ਤਾਰਾ, ਪ੍ਰਿੰਸੀਪਲ ਡਾਕਟਰ ਸੁਰਿੰਦਰ ਸਿੰਘ ਗਿੱਲ



ਜੀਤ ਸਿੰਘ ਜੋਸ਼ੀ

ਮਾਨਵੀ ਜੀਵਨ ਵਿਧਾਤਾ ਦੀ ਅਨੋਖੀ ਘਾੜਤ ਹੈ। ਇਸ ਨਸਲ ਅਧੀਨ ਵੰਨ ਸਵੰਨੇ ਲੋਕ ਦੇਖੇ ਜਾ ਸਕਦੇ ਹਨ। ਕੁਝ ਉਹ ਹਨ, ਜਿਹੜੇ ਕੇਵਲ ਆਪਣੇ ਭਲੇ ਤੱਕ ਹੀ ਸੋਚਦੇ ਹਨ, ਕੁਝ ਅਜਿਹੇ ਵੀ ਹੁੰਦੇ ਹਨ ਜਿਹੜੇ ਸੋਚਦੇ ਹਨ ਕਿ "ਆਪਣੇ ਲਈ ਜੀਏ ਤੋਂ ਕਿਆ ਜੀਏ, ਤੂੰ ਜੀਅ ਐ ਦਿਲ ਜਮਾਨੇ ਕੇ ਲੀਏ। ਇਹਨਾਂ ਲੋਕਾਂ ਦੇ ਕਾਰ ਵਿਵਹਾਰ, ਅਤੇ ਆਚਾਰ ਇਕ ਦੂਜੇ ਨਾਲ ਸਮਾਨਤਾ ਵਾਲੇ ਨਹੀਂ ਹੁੰਦੇ। ਇਹਨਾਂ ਲੋਕਾਂ ਵਿਚੋਂ ਕੁਝ ਅਜਿਹੇ ਵੀ ਹੁੰਦੇ ਹਨ, ਜਿਹੜੇ ਥੋੜੇ ਸਮੇਂ ਬਾਅਦ ਹੀ ਚੇਤਿਆਂ ਵਿਚੋਂ ਵਿਸਰ ਜਾਂਦੇ ਹਨ। ਪਰੰਤੂ ਬਹੁਤ ਘੱਟ ਮਾਤਰਾ ਵਿਚ ਅਜਿਹੇ ਲੋਕ ਹੁੰਦੇ ਹਨ, ਜਿਹੜੇ ਪਹਿਲੀ ਮਿਲਣੀ ਵਿਚ ਹੀ ਕਿਸੇ ਦੇ ਦਿਲੋ ਦਿਮਾਗ ਉਤੇ ਛਾ ਜਾਂਦੇ ਹਨ। ਅਜਿਹੇ ਮਿਲਾਪੜੇ,ਪਿਆਰੇ ਸੱਜਣਾਂ ਨੂੰ ਵਾਰ ਵਾਰ ਮਿਲਣ ਨੂੰ ਦਿਲ ਕਰਦਾ ਹੈ। ਸਮੇਂ ਦਾ ਵਕਫਾ ਅਤੇ ਸਥਾਨ ਦੀ ਦੂਰੀ ਵੀ ਅਜਿਹੇ ਦਿਲਦਾਰ ਸੱਜਣ, ਮਿੱਤਰਾਂ ਦੀ ਲੋਚਾ ਨੂੰ ਘਟਾ ਨਹੀਂ ਸਕਦੇ। ਸਿਆਣੇ ਆਖਦੇ ਹਨ, ਕਿਸੇ ਅਜਨਬੀ ਦੀ ਸ਼ਖਸ਼ੀਅਤ ਦੇ ਤਿੰਨ ਪਹਿਲੂ, ਰਫਤਾਰ, ਗੁਫਤਾਰ ਅਤੇ ਦਸਤਾਰ ਉਹ ਪੱਖ ਹੁੰਦੇ ਹਨ,ਜਿਹੜੇ ਪਹਿਲੀ ਨਜਰੇ ਹੀ ਮਿਲਣ ਵਾਲੀਆਂ ਦੋਵਾਂ ਧਿਰਾਂ ਦੇ ਪ੍ਰਸਪਰ ਸੰਬੰਧਾਂ ਨੂੰ ਨਿਰਧਾਰਿਤ ਕਰ ਦਿੰਦੇ ਹਨ। ਅਰਥਾਤ ਇਨਸਾਨ ਦਾ ਪਹਿਰਾਵਾ, ਉਸ ਦੀ ਬੋਲਚਾਲ ਅਤੇ ਉਸ ਦੇ ਉਠਣ ਬੈਠਣ ਦਾ ਸਲੀਕਾ, ਮਿਲਣ ਵਾਲੀ ਧਿਰ ਤੇ ਆਪਣਾ ਗਹਿਰਾ ਪ੍ਰਭਾਵ ਪਾਉਂਦੇ ਹਨ।

ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਅਜਿਹੀ ਪਿਆਰੀ ਸ਼ਖਸ਼ੀਅਤ ਵਾਲੇ ਮਿੱਠ ਬੋਲੜੇ ਇਨਸਾਨ ਹਨ, ਜਿਹਨਾਂ ਦੀ ਪਹਿਲੀ ਮਿਲਣੀ ਨੇ ਹੀ ਮੇਰਾ ਦਿਲ ਜਿੱਤ ਲਿਆ ਸੀ। ਮਾਰਚ 1989 ਈਂ ਵਿਚ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਬਠਿੰਡੇ ਦੇ ਰਿਜ਼ਨਲ ਸੈਂਟਰ ਵਿਚ ਅਧਿਆਪਨ ਕਾਰਜ ਅਰੰਭ ਕੀਤਾ ਸੀ, ਉਸ ਸਮੇਂ ਮੇਰੀ ਜਾਣ ਪਛਾਣ ਬਹੁਤ ਸੀਮਤ ਲੋਕਾਂ ਤੱਕ ਹੀ ਹੁੰਦੀ ਸੀ।ਹੋਲੀ ਹੋਲੀ ਮੇਰਾ ਰਾਬਤਾ ਇਸ ਇਲਾਕੇ ਦੀਆਂ ਨਾਮਵਰ ਸ਼ਖਸ਼ੀਅਤਾਂ ਨਾਲ ਬਣਦਾ ਗਿਆ। ਇਕ ਵਾਰ ਮੈਨੂੰ ਆਪਣੇ ਇਕ ਸੀਨੀਅਰ ਅਧਿਆਪਕ ਸਾਥੀ ਨਾਲ ਤਲਵੰਡੀ ਸਾਬੋ ਵਿਖੇ ਜਾਣ ਦਾ ਇਤਫ਼ਾਕ ਪ੍ਰਾਪਤ ਹੋਇਆ ਸੀ । ਉਸ ਸਮੇਂ ਹੀ ਅਸੀਂ ਇਸ ਇਲਾਕੇ ਦੀ ਵਿਲੱਖਣ ਸਿੱਖਿਆ ਸੰਸਥਾ ਸ਼੍ਰੀ ਦਸ਼ਮੇਸ਼ ਸੀਨੀਅਰ ਸਕੈਂਡਰੀ ਸਕੂਲ ਤਲਵੰਡੀ ਸਾਬੋ, ਦੇ ਦਰਸ਼ਨ ਵੀ ਕੀਤੇ ਸਨ। ਇਸ ਸੰਸਥਾ ਵਿਚ ਪ੍ਰਵੇਸ਼ ਕਰਨ ਸਮੇਂ ਇਉਂ ਮਹਿਸੂਸ ਹੋ ਰਿਹਾ ਸੀ, ਜਿਵੇਂ ਅਸੀਂ ਕਿਸੇ ਡੀਫੈਂਸ ਖੇਤਰ ਵਿਚ ਪ੍ਰਵੇਸ਼ ਕਰ ਗਏ ਹੋਈਏ। ਕਿਧਰੇ ਵੀ ਕੋਈ ਅਵਾਜ ਨਹੀਂ ਸੀ। ਕੋਈ ਸ਼ੋਰ ਸ਼ਰਾਬਾ ਨਹੀਂ ਸੀ। ਹਰ ਸ਼ੈਅ ਸਲੀਕੇ ਨਾਲ ਸਜੀ ਹੋਈ ਸੀ। ਸੰਸਥਾ ਦਾ ਚੌਗਿਰਦਾ ਫੁੱਲਾਂ ਨਾਲ ਮਹਿਕ ਰਿਹਾ ਸੀ। ਜਦੋਂ ਅਸੀਂ ਸੰਸਥਾ ਦੇ ਪ੍ਰਿੰਸੀਪਲਦੇ ਦਫਤਰ ਵਿਚ ਪ੍ਰਵੇਸ਼ ਕੀਤਾ ਤਾਂ ਕਮਰੇ ਦੀ ਹਰ ਸ਼ੈਅ ਸਲੀਕੇ ਨਾਲ ਸਜੀ ਦੇਖ ਕੇ ਮੈਂ ਬੇਹੱਦ ਪ੍ਰਭਾਵਿਤ ਹੋਇਆ ਸੀ। ਬਿਨਾਂ ਸ਼ੱਕ, ਮੈਂ ਪਹਿਲੀ ਵਾਰ ਅਜਿਹੀ ਕਿਸੇ ਅਨੋਖੀ ਸੰਸਥਾ ਨੂੰ ਦੇਖਿਆ ਸੀ, ਜਿਸ ਦੀ ਹਰ ਸ਼ੈਅ ਅਨੁਸ਼ਾਸਨ ਵਿਚ ਬੱਝੀ ਹੋਈ ਸੀ।

ਉਸ ਸਮੇਂ ਇਸ ਸੰਸਥਾ ਦੇ ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਹੁੰਦੇ ਸਨ। ਇਸ ਫੇਰੀ ਦੌਰਾਨ ਮੇਰੇ ਨਾਲ ਰਿਜਨਲ ਸੈਂਟਰ ਬਠਿੰਡਾ ਦੇ ਉਸ ਸਮੇਂ ਦੇ ਡਾਇਰੈਕਟਰ ਡਾਕਟਰ ਸੀ ਐਸ ਨਾਗਪਾਲ ਸਨ। ਪ੍ਰਿੰਸੀਪਲ ਸਾਹਿਬ ਨੇ ਸਾਡਾ ਬਹੁਤ ਆਦਰ ਸਤਿਕਾਰ ਕੀਤਾ ਸੀ। ਇਹ ਮਿਲਣੀ ਭਾਵੇਂ ਅਚਨਚੇਤ ਹੋਈ ਸਾਧਾਰਨ ਮਿਲਣੀ ਸੀ, ਪ੍ਰੰਤੂ ਸ਼੍ਰੀ ਦਸ਼ਮੇਸ਼ ਸੀਨੀਅਰ ਸਕੈਂਡਰੀ ਸਕੂਲ ਤਲਵੰਡੀ ਸਾਬੋ ਅਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਦਾ ਅਪਣੱਤ ਭਰਿਆ ਵਿਵਹਾਰ ਮੇਰੇ ਚੇਤਿਆਂ ਵਿੱਚ ਅੱਜ ਤੱਕ ਵਸੇ ਹੋਏ ਹਨ। ਬਾਅਦ ਵਿਚ ਪਤਾ ਲੱਗਿਆ ਕਿ ਸ਼੍ਰੀ ਦਸ਼ਮੇਸ਼ ਸੀਨੀਅਰ ਸਕੈਂਡਰੀ ਸਕੂਲ, ਤਲਵੰਡੀ ਸਾਬੋ,ਇਕ ਅਰਧ ਸਰਕਾਰੀ ਸਿੱਖਿਆ ਸੰਸਥਾ ਹੈ। ਇਸ ਸੰਸਥਾ ਨੂੰ "ਪੰਜਾਬ ਡਿਫੈਂਸ ਸਕਿਓਰਟੀ ਰਲੀਫ ਫੰਡ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਦੀ ਸਰਪ੍ਰਸਤੀ ਪ੍ਰਾਪਤ ਹੈ। ਸਟੇਟ ਪੱਧਰ ਉੱਤੇ ਪੰਜਾਬ ਸਰਕਾਰ ਦਾ ਮੁੱਖ ਮੰਤਰੀ ਇਸ ਦਾ ਚੇਅਰਮੈਨ ਹੁੰਦਾ ਹੈ ਅਤੇ ਸਟੇਟ ਦਾ ਪ੍ਰਿੰਸੀਪਲ ਸੈਕਟਰੀ ਇਸ ਅਦਾਰੇ ਦਾ ਸਕੱਤਰ ਹੁੰਦਾ ਹੈ। ਕਿਸੇ ਸਮੇਂ ਸਰਕਾਰ ਦੇ ਮੁਅੱਤਲ ਹੋਣ ਦੀ ਸੂਰਤ ਵਿਚ ਸੂਬੇ ਦਾ ਗਵਰਨਰ ਇਸ ਦਾ ਚੇਅਰਮੈਨ ਹੁੰਦਾ ਹੈ। ਜਿਲ੍ਹਾ ਪੱਧਰ ਉਤੇ ਬਠਿੰਡੇ ਜਿਲੇ ਦਾ ਡਿਪਟੀ ਕਮਿਸ਼ਨਰ ਇਸ ਦਾ ਚੇਅਰਮੈਨ, ਐਸ ਡੀ ਐਮ ਤਲਵੰਡੀ ਸਾਬੋ ਇਸ ਅਦਾਰੇ ਦਾ ਮੈਨੇਜਰ ਅਤੇ ਡੀਡੀਪੀਓ ਬਠਿੰਡਾ ਇਸ ਅਦਾਰੇ ਦਾ ਸਕੱਤਰ ਹੁੰਦਾ ਹੈ। ਨਿਰਸੰਦੇਹ! ਪੰਜਾਬ ਦੇ ਪਛੜੇ ਇਲਾਕੇ ਵਿਚ ਸਥਾਪਿਤ ਇਹ ਆਪਣੀ ਵਿਲੱਖਣ ਕਿਸਮ ਦੀ ਸਿੱਖਿਆ ਸੰਸਥਾ ਰਹੀ ਹੈ। ਸੁਰਿੰਦਰ ਸਿੰਘ ਗਿੱਲ ਇਸ ਅਦਾਰੇ ਦੇ 19 ਸਾਲ ਪ੍ਰਿੰਸੀਪਲ ਰਹੇ ਸਨ,ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਦੇ ਪੱਖ ਤੋਂ ਇਹ ਸਿੱਖਿਆ ਸੰਸਥਾ ਉਸ ਸਮੇਂ ਆਪਣੀ ਚਰਮ ਸੀਮਾ ਤੇ ਰਹੀ ਸੀਂ।

ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਰਿਸ਼ਟ ਪੁਸ਼ਟ ਸਰੀਰ ਵਾਲੇ ਫੁਰਤੀਲੇ ਇਨਸਾਨ ਹਨ। ਮਿਠਾਸ ਭਰੀ ਸੰਖੇਪ ਬੋਲਚਾਲ, ਚੇਹਰੇ ਤੇ ਮੁਸਕਾਨ, ਅਤੇ ਅੱਖਾਂ ਵਿਚ ਚਮਕ ਰੱਖਣ ਵਾਲੇ ਇਸ ਮਿਲਾਪੜੇ ਇਨਸਾਨ ਦਾ ਜੀਵਨ ਬੇਸ਼ੁਮਾਰ ਪ੍ਰਾਪਤੀਆਂ ਨਾਲ ਭਰਿਆ ਪਿਆ ਹੈ। ਆਪਣੀ ਮੁੱਢਲੀ ਸਿੱਖਿਆ ਦੌਰਾਨ ਹੀ ਉਸ ਨੇ ਕੌਮ ਦੇ ਮਹਾਨ ਸ਼ਹੀਦਾਂ ਦੀਆਂ ਜੀਵਨੀਆਂ ਪੜਨ, ਅਤੇ ਉਹਨਾਂ ਨੂੰ ਮੰਚ ਤੇ ਪੇਸ਼ ਕਰਨ ਦਾ ਹੁਨਰ ਪ੍ਰਾਪਤ ਕਰ ਲਿਆ ਸੀ। ਹਾਈ ਸਕੂਲ ਦੀ ਸਿੱਖਿਆ ਦੌਰਾਨ ਉਸ ਨੇ ਫਾਇਨ ਆਰਟਸ ਦੇ ਖੇਤਰ ਦੀ ਮੁਹਾਰਤ ਹਾਸਲ ਕਰਨ ਉਪਰੰਤ ਸੁਹਜਮਈ ਜੀਵਨਸ਼ੈਲੀ ਦਾ ਮਾਰਗ ਚੁਣ ਲਿਆ ਸੀ। ਹਾਇਰ ਸੈਕੰਡਰੀ ਸਿੱਖਿਆ ਪ੍ਰਾਪਤ ਕਰਦੇ ਸਮੇਂ ਉਸ ਨੇ ਖੇਡ ਜਗਤ ਨਾਲ ਯਾਰਾਨਾ ਪਾ ਲਿਆ ਸੀਂ। ਕੇਵਲ ਪੰਦਰਾਂ ਦਿਨਾਂ ਦੇ ਅਭਿਆਸ ਮਗਰੋਂ ਹੀ ਉਸ ਨੇ ਇੰਟਰ ਡਿਸਟ੍ਰਿਕ ਖੇਡਣਾ ਸ਼ੁਰੂ ਕਰ ਦਿੱਤਾ ਸੀ। ਖੇਡ ਖੇਤਰ ਨਾਲ ਜੁੜਨ ਕਾਰਨ ਹੀ ਉਸ ਨੂੰ



ਫਿਜੀਕਲ ਕਾਲਜ ਵਿਚ ਦਾਖਲਾ ਮਿਲ ਗਿਆ ਸੀ। ਇਸ ਕਾਲਜ ਵਿਚ ਪੜਦੇ ਸਮੇਂ ਉਸ ਨੇ ਜਿਮਨਾਸਟਿਕ ਖੇਡ ਵਿਚ ਇਸ ਕਦਰ ਮਹਾਰਤ ਪ੍ਰਾਪਤ ਕਰ ਲਈ ਸੀ ਕਿ ਇੰਟਰ ਯੂਨੀਵਰਸਿਟੀ ਖੇਡ ਮੁਕਾਬਲਿਆਂ ਦੌਰਾਨ ਉਸ ਨੇ ਜਿਮਨਾਸਟਿਕ ਖੇਡ ਮੁਕਾਬਲੇ ਵਿਚ ਗੋਲਡ ਮੈਡਲ ਪ੍ਰਾਪਤ ਕਰ ਲਿਆ ਸੀ। ਖੇਡ ਜਗਤ ਨਾਲ ਜੁੜੇ ਸੁਰਿੰਦਰ ਸਿੰਘ ਗਿੱਲ ਦੀ ਦਿਲੋਂ ਇੱਛਾ

ਰਹੀ ਸੀ ਕਿ ਉਹ ਜੀਵਨ ਭਰ ਖੇਡ ਜਗਤ ਨਾਲ ਹੀ ਜੁੜਿਆ ਰਹੇ। ਇਸ ਖੇਤਰ ਵਿਚ ਉਸ ਦੀ ਇਕ ਨਾਮਵਾਰ ਕੋਚ ਬਣਨ ਦੀ ਤਮੰਨਾ ਸੀ, ਪ੍ਰੰਤੂ, ਸਿਆਸਤ ਅਤੇ ਸਰਮਾਏਦਾਰਾਂ ਦੀ ਸ਼ਿਫਾਰਸ਼ ਪ੍ਰਣਾਲੀ ਅਧੀਨ ਉਸ ਦਾ ਸੁਪਨਾ ਅਧੂਰਾ ਰਹਿ ਗਿਆ ਸੀ। ਉਹ ਇਸ ਖੁਦਗਰਜ ਕਿਸਮ ਦੀ ਵਿਵਸਥਾ ਦਾ ਉਹ ਸਾਹਮਣਾ ਨਾ ਕਰ ਸਕਿਆ। ਉਸ ਨੇ ਆਪਣਾ ਖੇਤਰ ਬਦਲ ਲਿਆ ਸੀ ਅਤੇ ਆਪਣਾ ਮਨ ਪੜਨ ਲਿਖਣ ਵਾਲੇ ਪਾਸੇ ਲਗਾ ਲਿਆ ਸੀ। ਐਮ ਏ, ਅੰਗਰੇਜ਼ੀ ਕਰਨ ਉਪਰੰਤ ਉਹ ਸ਼੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਵਿਖੇ ਬਤੌਰ ਪ੍ਰਿੰਸੀਪਲ ਨਿਯੁਕਤ ਹੋ ਗਏ ਸਨ। ਪ੍ਰਿੰਸੀਪਲ ਸੁਰਿੰਦਰ ਸਿੰਘ ਗਿਲ ਦੇ ਸੇਵਾਕਾਲ ਦੌਰਾਨ ਇਸ ਸਕੂਲ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ ਸੀ। ਅਕਸਰ ਹੀ ਹਰ ਸਾਲ ਚਾਰ ਪੰਜ ਬੱਚੇ ਸਟੇਟ ਮੈਰਿਟ ਵਿਚ ਸ਼ਾਮਲ ਹੁੰਦੇ ਰਹੇ ਸਨ। ਪ੍ਰਿੰਸੀਪਲ ਗਿੱਲ ਦੇ ਮਿਹਨਤੀ ਸੁਭਾਅ ਅਤੇ ਕੁਸ਼ਲ ਪ੍ਰਬੰਧਕ ਹੋਣ ਵਾਲੀ ਸੂਝ ਸਮਝ ਦਾ ਸਿੱਟਾ ਇਹ ਨਿਕਲਿਆ ਸੀ ਕਿ ਇਸ ਸਮੇਂ ਦੌਰਾਨ ਸਕੂਲ ਨੇ ਕਾਫੀ ਗਿਣਤੀ ਵਿਚ ਡਾਕਟਰ, ਇੰਜੀਨੀਅਰ, ਪੁਲੀਸ ਅਧਿਕਾਰੀ ਅਤੇ ਆਰਮੀ ਅਫਸਰ ਪੈਦਾ ਕੀਤੇ ਸਨ। ਇਹ ਹਕੀਕਤ ਹੈ ਕਿ ਸਕੂਲ ਦੇ ਹਰ ਸਾਲ ਚਾਰ ਪੰਜ ਬੱਚੇ ਲੈਫਟੀਨੈਂਟ ਭਰਤੀ ਹੁੰਦੇ ਰਹੇ ਸਨ। ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਦੇ ਸੇਵਾ ਕਾਲ ਦੌਰਾਨ ਡਾਕਟਰ ਬਣੇ ਨੌਂ ਬੱਚੇ ਅਮਰੀਕਾ ਵਿਖੇ ਸਥਾਪਿਤ ਹਨ, ਤਿੰਨ ਡਾਕਟਰ ਡੁਬਈ ਵਿਖੇ ਰਹਿ ਰਹੇ ਹਨ। ਕਨੇਡਾ ਵਿਖੇ ਇਕ ਬੱਚਾ ਬਤੌਰ ਪੁਲੀਸ ਅਧਿਕਾਰੀ ਸੇਵਾਵਾਂ ਨਿਭਾਅ ਰਿਹਾ ਹੈ।

ਉਹਨਾਂ ਦਾ ਇਕ ਵਿਦਿਆਰਥੀ ਅਸਟਰੇਲੀਆ ਵਿਖੇ ਉਘਾ ਬਿਜਨਸਮੈਨ ਬਣਿਆ ਹੋਇਆ ਹੈ। ਵਰਤਮਾਨ ਸਮੇਂ ਦੀ ਪੰਜਾਬ ਸਰਕਾਰ ਵਿਚ ਕੈਬਨਿਟ ਰੈਂਕ ਦੀ ਮੰਤਰੀ ਬਲਜਿੰਦਰ ਕੌਰ ਵੀ ਉਸੇ ਸਮੇਂ ਦੀ ਵਿਦਿਆਰਥਣ ਰਹੀ ਹੈ। ਇਹ ਸਿੱਖਿਆ ਸੰਸਥਾ ਹਰ ਪੱਖ ਤੋਂ ਉੱਚੀਆਂ ਬੁਲੰਦੀਆਂ ਤੇ ਪਹੁੰਚ ਚੁੱਕੀ ਸੀ।

ਪੜਨ,ਪੜਾਉਣ ਦੇ ਨਾਲ ਨਾਲ ਗਿੱਲ ਸਾਹਿਬ ਨੂੰ ਸਭਿਆਚਾਰਕ ਸਰਗਰਮੀਆਂ ਵਿਚ ਵੀ ਬੇਹੱਦ ਦਿਲਚਸਪੀ ਰਹੀ ਸੀ । ਇਸ ਮੰਤਵ ਲਈ ਉਹ ਪੇਸ਼ਾਵਰ ਗਾਇਕ ਕਲਾਕਾਰਾਂ ,ਉਭਰ ਰਹੇ ਕਮੇਡੀਅਨ ਦੀਆਂ ਵਿਸ਼ੇਸ਼ ਨਾਇਟ ਕਰਾਉਣ ਵਿਚ ਦਿਲਚਸਪੀ ਰੱਖਦੇ ਸਨ। ਵਰਤਮਾਨ ਸਮੇਂ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਹਿਲੀ ਸਟੇਜ ਕਰਾਉਣ ਦਾ ਸਿਹਰਾ ਵੀ ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਨੂੰ ਹੀ ਜਾਂਦਾ ਹੈ । ਸਿਖਿਆ ਖੇਤਰ, ਖੇਡ ਖੇਤਰ, ਅਤੇ ਸਭਿਆਚਾਰਕ ਖੇਤਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਣ ਵਾਲਾ ਇਹ ਸ਼ਖਸ਼ ਮੂਲ ਰੂਪ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵਿਕਾਸ ਵਿਸਥਾਰ ਲਈ ਵਚਨਬੱਧ ਰਿਹਾ ਹੈ।

ਸਰਕਾਰੀ ਤੰਤਰ ਦੀ ਕਰੋਪੀ ਨੇ ਇਹ ਸਿਲਸਿਲਾ ਤਹਿਸ ਨਹਿਸ ਕਰ ਦਿੱਤਾ ਸੀ। ਇਸ ਪਛੜੇ ਇਲਾਕੇ ਦੇ ਬੱਚਿਆਂ ਨੂੰ ਵੱਖ ਵੱਖ ਖੇਤਰ ਵਿਚ ਯੋਗ ਬਣਾਉਣ ਵਾਲੇ ਇਸ ਕਾਬਲ ਅਧਿਆਪਕ ਨੂੰ ਉਸ ਸਮੇਂ ਦੇ ਇਕ ਬਿਊਰੋਕਰੇਟ ਦੀ ਈਗੋ ਭਰੀ ਕਰੋਪੀ ਦਾ ਸ਼ਿਕਾਰ ਹੋਣਾ ਪੈ ਗਿਆ ਸੀ। ਉਸ ਨੇ ਆਪਣੀਆਂ ਸ਼ਕਤੀਆਂ ਦੀ ਦੁਰ ਵਰਤੋਂ ਕਰਦਿਆਂ ਕੁਝ ਝੂਠੇ ਇਲਜ਼ਾਮ ਲਗਾ ਕੇ ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਨੂੰ ਇਸ ਸੇਵਾ ਤੋਂ ਲਾਂਭੇ ਕਰ ਦਿੱਤਾ ਸੀ। ਉਸ ਅਧਿਕਾਰੀ ਦੇ ਡਰ ਕਾਰਨ ਇਸ ਸੰਕਟ ਦੇ ਸਮੇਂ ਇਲਾਕੇ ਦੇ ਲੋਕਾਂ ਨੇ ਉਸ ਨੂੰ ਕਿਸੇ ਵੀ ਰੂਪ ਵਿਚ ਸਹਿਯੋਗ ਨਹੀਂ ਸੀ ਦਿੱਤਾ। ਪ੍ਰੰਤੂ, ਸੱਚ ਨੇ ਤਾਂ ਸਾਹਮਣੇ ਆਉਣਾ ਹੀ ਹੁੰਦਾ ਹੈ। ਵਿਜੀਲੈਂਸ ਨੇ ਆਪਣੀ ਤਫਤੀਸ਼ ਦੌਰਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਨੂੰ ਪੂਰੀ ਤਰਾਂ ਨਿਰਦੋਸ਼ ਕਰਾਰ ਦੇ ਦਿੱਤਾ ਸੀਂ ਪਰ ਉਹਨਾਂ ਦਾ ਮੁੜ ਇਸ ਸੰਸਥਾ ਨਾਲ ਜੁੜਨ ਦਾ ਸਬੱਬ ਨਹੀਂ ਸੀ ਬਣਿਆ। ਉਹਨਾਂ ਨੂੰ ਇਕ ਹੋਰ ਸਰਕਾਰੀ ਸਹਾਇਤਾ ਪ੍ਰਾਪਤ ਸਥਾਨਕ ਸਿਖਿਆ ਸੰਸਥਾ ਦਾ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ ਗਿਆ ਸੀ।

ਬਠਿੰਡੇ ਸ਼ਹਿਰ ਦੀ ਇਕ ਹੋਰ ਨਾਮਵਰ ਸਿਖਿਆ ਸੰਸਥਾ ਸੀ। ਖਾਲਸਾ ਸੀਨੀਅਰ ਸਕੈਂਡਰੀ ਸਕੂਲ ਬਠਿੰਡਾਂ। ਇਸ ਸੰਸਥਾ ਵਿਚ ਸੁਰਿੰਦਰ ਸਿੰਘ ਗਿੱਲ ਨੂੰ ਬਤੌਰ ਪ੍ਰਿੰਸੀਪਲ ਬਹੁਤ ਥੋੜਾ ਸਮਾਂ ਸੇਵਾਵਾਂ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਜਦੋਂ ਉਹ ਇਸ ਸਕੂਲ ਵਿਚ ਪ੍ਰਿੰਸੀਪਲ ਨਿਯੁਕਤ ਹੋਏ ਸਨ, ਤਾਂ ਉਸ ਸਮੇਂ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ 423 ਹੁੰਦੀ ਸੀ, ਉਹਨਾਂ ਦੇ ਦੋ ਸਾਲ ਦੇ ਕਾਰਜਕਾਲ ਦੌਰਾਨ ਇਹ ਸੰਖਿਆ ਦੋ ਹਜਾਰ ਤੱਕ ਪਹੁੰਚ ਗਈ ਸੀ। ਇਸ ਸਕੂਲ ਵਿਚ ਮੈਂ ਇਕ ਦੋ ਵਾਰ ਗਿੱਲ ਸਾਹਿਬ ਨੂੰ ਮਿਲਦਾ ਰਿਹਾ ਸੀ। ਗਿੱਲ ਸਾਹਿਬ ਦੇ ਸੁਹਜ ਅਤੇ ਸਲੀਕੇ ਵਾਲੀ ਜੀਵਨ ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੂੰ ਪੰਜਾਬ ਪੁਲਿਸ ਪਬਲਿਕ ਸਕੂਲਾਂ ਦੇ ਸਲਾਹਕਾਰ ਬਣਾਇਆ ਗਿਆ ਸੀ। ਆਚਰਣ ਅਤੇ ਨੈਤਿਕ ਕਦਰਾਂ ਕੀਮਤਾ ਦੀ ਪਾਲਣਾ ਕਰਨ ਦੀ ਸਿਖਿਆ ਪ੍ਰਾਪਤ ਕਰਨ ਲਈ ਅਕਸਰ ਸੁਰਿੰਦਰ ਸਿੰਘ ਗਿੱਲ ਹੁਣਾਂ ਦਾ ਨਾਮ ਤਜਵੀਜ ਕੀਤਾ ਜਾਂਦਾ ਸੀ। ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਦੀ ਅਣਥੱਕ ਮਿਹਨਤ ਦਾ ਰੰਗ ਉਸ ਸਮੇਂ ਸਾਹਮਣੇ ਆਇਆ ਜਦੋਂ 2003 ਈਂ ਵਿਚ ਇਸ ਸਕੂਲ ਨੂੰ ਜਿਲੇ ਦਾ ਸਰਬੋਤਮ ਸਕੂਲ ਐਲਾਨਿਆ ਗਿਆ ਸੀ। ਪਰ ਕੁਝ ਕਾਰਨਾਂ ਸੱਦਕਾ ਉਹਨਾਂ ਦਾ ਮਨ ਇਸ ਸਕੂਲ ਦੀਆਂ ਸੇਵਾਵਾਂ ਤੋਂ ਬੁਰੀ ਤਰਾਂ ਉਚਾਟ ਹੋ ਗਿਆ ਸੀ। ਇਸ ਕਿਸਮ ਦੀ ਵਿਵਸਥਾ ਤੋਂ ਲਾਂਭੇ ਹੋਣ ਲਈ ਇਕੋ ਇਕ ਮਾਰਗ ਸੀ, ਪ੍ਰਵਾਸ ਦਾ ਮਾਰਗ।

ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਨੇ 2003 ਈਂ ਵਿਚ ਆਪਣੀ ਸੇਵਾਵਾਂ ਤੋਂ ਛੁੱਟੀ ਲੈ ਕੇ ਪ੍ਰਵਾਸ ਦਾ ਰਾਹ ਅਪਣਾ ਲਿਆ ਸੀ। ਉਹ ਅਮਰੀਕਾ ਦੀ ਖੂਬਸੂਰਤ ਧਰਤੀ ਉਤੇ ਸਥਾਪਿਤ ਹੋ ਗਏ ਸਨ ।ਅਮਰੀਕਾ ਵਰਗੇ ਵਿਕਸਤ ਮੁਲਕਾਂ ਵਿਚ ਮਿਹਨਤ ਕਰਨ ਵਾਲੇ ਲੋਕਾਂ ਲਈ ਵਿਕਾਸ ਦੇ ਅਨੇਕਾਂ ਸਾਧਨ ਪ੍ਰਾਪਤ ਹੋ ਜਾਂਦੇ ਹਨ। ਸਿੱਖਿਆ ਜਗਤ ਦੇ ਇਸ ਚਮਕਦੇ ਸਿਤਾਰੇ ਨੇ ਬਹੁਤ ਥੋਹੜੇ ਸਮੇਂ ਵਿਚ ਆਪਣੀ ਵਿਲੱਖਣ ਪਹਿਚਾਣ ਬਣਾ ਲਈ ਸੀ।ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਨੇ ਆਪਣੀ ਅਣਥੱਕ ਮਿਹਨਤ ਨਾਲ, ਆਪਣੇ ਮਿਲਾਪੜੇ ਸੁਭਾਅ ਕਾਰਨ, ਅਤੇ ਜੀਵਨ ਦੇ ਵਿਸ਼ਾਲ ਤਜਰਬੇ ਕਾਰਨ ਅਮਰੀਕਾ ਵਿਚਲੇ ਸਿਖ ਭਾਈਚਾਰੇ ਵਿਚ ਆਪਣਾ ਅਤੀਅੰਤ ਆਦਰਯੋਗ ਸਥਾਨ ਬਣਾ ਲਿਆ ਸੀ। ਉਹ ਅਮਰੀਕਾ ਪਹੁੰਚਣ ਤੋਂ ਲੈ ਕੇ ਅੱਜ ਤੱਕ ਸਿਖ ਪਹਿਚਾਣ ਅਤੇ ਸਿਖ ਧਰਮ ਦੀ ਗੌਰਵਸ਼ੀਲਤਾ ਬਣਾਈ ਰੱਖਣ ਲਈ ਯਤਨਸ਼ੀਲ ਰਹੇ।

ਇਸ ਸਮੇਂ ਉਹਨਾਂ ਦਾ ਨਾਮ ਅਮਰੀਕਾ ਵਿਖੇ 50 ਪ੍ਰੌਮੀਨੈਂਟ ਸਿੱਖ ਸ਼ਖਸ਼ੀਅਤਾਂ ਬਾਰੇ ਛਪੀ ਬੁਕਲੈਟ ਦੀ ਸੂਚੀ ਵਿਚ ਸ਼ਾਮਲ ਹੈ। ਇਸੇ ਸਮੇਂ ਦੌਰਾਨ ਹੀ ਉਹਨਾਂ ਨੇ ਮਿਲੇਨੀਅਮ ਪੁਰਸਕਾਰ ਪ੍ਰਾਪਤ ਕੀਤਾ ਹੈ। ਅਮਰੀਕਾ ਦੇ ਸਿੱਖ ਭਾਈ ਚਾਰੇ ਲਈ ਇਹ ਬਹੁਤ ਹੀ ਮਾਣ ਵਾਲੀ ਗਲ ਸੀ ਕਿ ਅਮਰੀਕਾ ਵਿਖੇ ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਨੂੰ "ਅੰਬੈਸਡਰ ਫਾਰ ਪੀਸ ਸਿਖ ਕਮਿਉਨਿਟੀ ਆਫ ਅਮਰੀਕਾ ਨਾਮਜ਼ਦ ਕੀਤਾ ਗਿਆ ਸੀ। ਇਸ ਤੋਂ ਬਿਨਾਂ ਉਹਨਾਂ ਨੂੰ ਅੰਤਰ ਰਾਸ਼ਟਰੀ ਫੋਰਮ ਯੂ ਐਸ ਏ, ਪੰਝੀ ਮੁਲਕਾਂ ਦੇ ਪਲੇਟਫਾਰਮ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਉਹ ਸਿਖਜ ਆਫ ਯੂ ਐਸ ਏ ਦੇ ਜਨਰਲ ਸਕੱਤਰ ਦੇ ਰੂਪ ਵਿਚ ਸਰਗਰਮ ਰਹੇ ਹਨ। ਪੰਜਾਬੀ ਭਾਈ ਚਾਰੇ ਲਈ ਇਹ ਗਲ ਵੀ ਮਾਣ ਕਰਨ ਯੋਗ ਹੈ ਕਿ ਪ੍ਰਿੰਸੀਪਲ ਸੁਰਿੰਦਰ ਸਿੰਘ ਗਿਲ ਨੂੰ ਮੇਰੀਲੈਂਡ ਸਟੇਟ ਅਡਵਾਈਜ਼ਰੀ ਬੋਰਡ ਵਿਚ ਆਫੀਸ਼ਲ ਤੋਰ ਤੇ ਇੰਟਰ ਫੇਥ ਨੇਤਾ ਵਜੋਂ ਮਾਨਤਾ ਪ੍ਰਾਪਤ ਹੈ। ਆਪਣੀਆ ਸ਼ਾਨਦਾਰ ਗਤੀਵਿਧੀਆਂ ਕਾਰਨ ਉਹ ਨਾ ਕੇਵਲ ਦੋ ਗਵਰਨਰ ਸਾਈਟੇਸ਼ਨ ਪ੍ਰਾਪਤ ਕਰ ਚੁੱਕੇ ਹਨ ਸਗੋਂ ਵਿਸ਼ਵ ਸ਼ਾਂਤੀ ਦੇ ਦੂਤ ਦੇ ਰੂਪ ਵਿਚ ਉਹ ਸਾਉਥ ਕੋਰੀਆ ਵਿਖੇ ਸ਼ਾਂਤੀ ਪੁਰਸਕਾਰ, ਡੁਬਈ, ਵਿਖੇ ਸ਼ਾਂਤੀ ਪੁਰਸਕਾਰ, ਅਤੇ ਪਾਕਿਸਤਾਨ ਵਰਗੇ ਮੁਲਕ ਵਿਚ ਸ਼ਾਂਤੀ ਪੁਰਸਕਾਰ ਹਾਸਲ ਕਰ ਚੁੱਕੇ ਹਨ। 26 ਮਾਰਚ 2026 ਨੂੰ ਡਾਕਟਰ ਸੁਰਿੰਦਰ ਸਿੰਘ ਗਿੱਲ ਨੂੰ ਗਲੋਬਲ ਬਿਜ਼ਨਸ ਕਮਿਉਨਟੀ ਦੀ ਸ਼ਾਂਤੀ, ਲਈ, ਨੌਜਵਾਨ ਵਰਗ ਨੂੰ ਚੰਗੀ ਉਸਾਰੂ ਅਗਵਾਈ ਦੇਣ ਲਈ, ਅਤੇ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਵਰਗੇ ਵਿਲੱਖਣ ਕਾਰਜਾਂ ਲਈ, ਯੂਐਸਏ, ਦੀ ਇਕ ਨਾਮਵਰ ਸੰਸਥਾ ਵੱਲੋਂ " ਬੁਰਜ ਗਲੋਬਲ ਪਾਵਰ 100 ਪੁਰਸਕਾਰ 2026 " ਵਰਗਾ ਮਾਣ ਮੱਤਾ ਪੁਰਸਕਾਰ ਦਿੱਤਾ ਗਿਆ ਹੈ। ਇਹ ਪੁਰਸਕਾਰ ਵਾਸ਼ਿੰਗਟਨ ਡੀ ਸੀ ਦੇ ਮੇਫਲੇਵਰ ਹੋਟਲ ਵਿਖੇ, ਭਰਵੇਂ ਇਕੱਠ ਦੌਰਾਨ CEO Clubs Network World wide ਦੇ ਸੰਸਥਾਪਕ ਅਤੇ ਮੁਖੀ ਵਲੋਂ ਦਿੱਤਾ ਗਿਆ ਹੈ। ਇਸੇ ਸਮੇ ਹੀ ਡਾਕਟਰ ਗਿੱਲ ਨੂੰ CEO Clubs Network World wide ਦੇADVISOR ਵੀ ਨਿਯੁਕਤ ਕੀਤਾ ਗਿਆ। ਕੌਮਾਂਤਰੀ ਪੱਧਰ ਉੱਤੇ ਇਸ ਕਿਸਮ ਦੇ ਮਾਨ ਸਨਮਾਨ ਵਿਦੇਸ਼ਾਂ ਵਿਚ ਪੰਜਾਬੀ ਭਾਈ ਚਾਰੇ ਦਾ ਸਿਰ ਉੱਚਾ ਕਰਦੇ ਹਨ।

ਸਿੱਖਿਆ ਦੇ ਖੇਤਰ ਦਾ ਇਹ ਚਮਕਦਾ ਸਿਤਾਰਾ ਵਿਦਿਅਕ ਪੱਖ ਤੋਂ ਮਾਲਾ ਮਾਲ ਰਿਹਾ ਹੈ। ਉਸ ਨੇ ਐਮ ਏ ਅੰਗਰੇਜੀ ਅਤੇ ਫਿਜੀਕਲ ਐਜੂਕੇਸ਼ਨ ਵਿਚ ਕੀਤੀ ਹੈ। ਕੰਪਿਊਟਰ ਸਾਇੰਸ ਦੇ ਖੇਤਰ ਵਿਚ ਪੀ ਜੀ ਡੀ ਸੀ ਏ ਦੀ ਡਿਗਰੀ ਹਾਸਲ ਕੀਤੀ ਹੈ । ਸਪੋਰਟਸ ਸਾਈਕਾਲੋਜੀ ਵਿਚ ਐਮ ਫਿਲ ਡਿਗਰੀ ਪ੍ਰਾਪਤ ਕੀਤੀ ਹੈ,। ਸਪੋਰਟਸ ਸਾਇੰਸ ਸਾਈਕਾਲੋਜੀ ਖੇਤਰ ਵਿਚ ਪੀਐਚ ਡੀ ਦੀ ਡਿਗਰੀ ਪ੍ਰਾਪਤ ਕੀਤੀ ਹੈ। ਇਉਂ ਕੰਪਿਊਟਰ ਖੇਤਰ ਅੰਗਰੇਜੀ ਸਾਹਿਤ ਦਾ ਖੇਤਰ ਅਤੇ ਸਪੋਰਟਸ ਸਾਇੰਸ ਅਤੇ ਸਪੋਰਟਸ ਮਨੋਵਿਗਿਆਨ ਦੇ ਡਾਕਟਰ ਸੁਰਿੰਦਰ ਸਿੰਘ ਗਿੱਲ ਅਧਿਕਾਰੀ ਵਿਦਵਾਨ ਬਣ ਚੁੱਕੇ ਹਨ। ਇਸ ਖੇਤਰ ਨਾਲ ਜੁੜੀਆਂ ਸਮੱਸਿਆਵਾਂ ਦੇ ਸੰਬੰਧ ਵਿਚ ਉਹ ਪੁਸਤਕਾਂ ਲਿਖ ਚੁੱਕੇ ਹਨ, ਤਾਂ ਜੋ ਖੇਡ ਅਤੇ ਸਿਖਿਆ ਦੇ ਖੇਤਰ ਵਿਚ ਵਿਦਿਆਰਥੀ ਹਰ ਤਰਾਂ ਦੀ ਸਮੱਸਿਆ ਦੇ ਭੈਅ ਤੋਂ ਮੁਕਤ ਹੋ ਸਕਣ। ਡਾਕਟਰ ਗਿੱਲ ਨੇ ਆਪਣੇ ਆਪ ਨੂੰ ਸਦਾ ਰੁਝੇਵਿਆਂ ਵਿਚ ਰੱਖਿਆ ਹੈ। ਉਹ ਵੰਨ ਸਵੰਨੀਆਂ ਸੇਵਾਵਾਂ ਨਿਭਾਉਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ।ਉਹ ਅਕਸਰ ਹੀ ਸੈਮੀਨਾਰ, ਕਾਨਫਰੰਸਾਂ ਜਾ ਹੋਰ ਜਨਤਕ ਪੱਧਰ ਹੋ ਰਹੇ ਸਮਾਗਮ ਵਿਚ ਸਮੂਲੀਅਤ ਕਰਦੇ ਰਹੇ ਹਨ। ਕਮਿਉਨਿਟੀ ਦੀਆਂ ਹਰ ਤਰਾਂ ਦੀਆਂ ਗਤੀਵਿਧੀਆਂ ਨਾਲ ਜੁੜੇ ਡਾਕਟਰ ਗਿੱਲ ਲਗਭਗ ਤੀਹ ਮੁਲਕਾਂ ਦੀਆਂ ਮਾਨਵ ਭਲਾਈ ਹਿਤ ਬਣੀਆਂ ਸੰਸਥਾਵਾਂ ਦੇ ਚੇਅਰਮੈਨ ਹੋਣ ਦਾ ਮਾਣ ਰੱਖਦੇ ਹਨ।

ਆਪਣੇ ਪੁਖਤਾ ਗਿਆਨ ਅਤੇ ਵਿਸ਼ਾਲ ਤਜਰਬੇ ਨੂੰ ਵਿਸ਼ਵ ਦੇ ਵੱਖ ਵੱਖ ਖੇਤਰਾਂ ਵਿਚ ਵਸਦੇ ਲੋਕਾਂ ਨਾਲ ਸਾਂਝਾ ਕਰਨ ਦੇ ਮਨੋਰਥ ਨਾਲ ਡਾਕਟਰ ਸੁਰਿੰਦਰ ਸਿੰਘ ਗਿੱਲ ਅਕਸਰ ਹੀ ਵੰਨ ਸਵੰਨੇ ਸਮਾਗਮਾਂ ਵਿਚ ਸ਼ਾਮਲ ਹੁੰਦੇ ਰਹੇ ਹਨ।ਉਹ ਹੁਣ ਤੱਕ ਅਸਟਰੇਲੀਆ, ਕਨੇਡਾ,ਅਮਰੀਕਾ, ਪੁਰਤਗਾਲ, ਸਾਉਥ ਕੋਰੀਆ ਅਤੇ ਪਾਕਿਸਤਾਨ ਵਰਗੇ ਮੁਲਕਾਂ ਵਿਚ ਵੱਖ ਵੱਖ ਵਿਸ਼ਿਆਂ ਉਪਰ ਅਨੇਕਾਂ ਵਾਰ ਪਰਚੇ ਪੜ ਚੁੱਕੇ ਹਨ। ਖੇਡ ਮਨੋਵਿਗਿਆਨ ਦੇ ਖੇਤਰ ਵਿਚ ਉਹ ਅਸਟਰੇਲੀਆ ਦੇ ਸ਼ਹਿਰ ਮੈਲਬੋਰਨ ਵਿਖੇ ਕਨੇਡਾ ਦੇ ਸ਼ਹਿਰ ਓਟਾਵਾ ਵਿਖੇ ਅਤੇ ਪੁਰਤਗਾਲ ਦੇ ਸ਼ਹਿਰ ਲੁਸਬਿਨ ਵਿਖੇ ਪਰਚੇ ਪੜ ਚੁੱਕੇ ਹਨ। ਖੂਬਸੂਰਤ ਗਲ ਤਾਂ ਇਹ ਹੈ ਕਿ ਉਹਨਾਂ ਨੇ ਪੜਨਾਂ ਅਤੇ ਪੜਾਉਣਾ ਹਾਲੇ ਤੱਕ ਜਾਰੀ ਰੱਖਿਆ ਹੋਇਆ ਹੈ। ਐਤਵਾਰ ਛੁੱਟੀ ਵਾਲੇ ਦਿਨ ਉਹ ਲੋੜਵੰਦ ਬੱਚਿਆਂ ਦੀ ਕਲਾਸ ਲੈ ਰਹੇ ਹਨ। ਉਂਜ ਵੀ ਇਕ ਸਮਾਜ ਸੇਵੀ ਦੀ ਹੈਸੀਅਤ ਵਿਚ ਉਹ ਹਰ ਲੋੜਵੰਦ ਦੀ ਸਹਾਇਤਾ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਰਹੇ ਹਨ।

ਇਸ ਅਨੋਖੇ ਸ਼ਖਸ਼ ਨੂੰ ਜਰਨਲਿਜਮ ਦਾ ਸ਼ੌਕ ਜਨੂੰਨ ਦੀ ਹੱਦ ਤੱਕ ਰਿਹਾ ਹੈ। ਇਸ ਮਹਿੰਗੇ ਸ਼ੌਕ ਨੂੰ ਪੂਰਾ ਕਰਨ ਲਈ ਉਹ ਨਿਰੰਤਰ ਯਤਨਸ਼ੀਲ ਰਹੇ ਹਨ।ਇਸ ਮੰਤਵ ਦੀ ਪੂਰਤੀ ਲਈ ਪ੍ਰਿੰਸੀਪਲ ਡਾਕਟਰ ਸੁਰਿੰਦਰ ਸਿੰਘ ਗਿੱਲ ਵੱਲੋਂ ਦੋ ਪਰਚੇ, ਰੋਜ਼ਾਨਾ ਪੰਜਾਬ ਅਤੇ ਗਗਨ ਦਮਾਮਾਂ ਕੱਢੇ ਜਾ ਰਹੇ ਹਨ। ਰੋਜਾਨਾ ਪੰਜਾਬ ਨਾਮ ਦਾ ਇਕ ਚੈਨਲ ਚਲਾਇਆ ਜਾ ਰਿਹਾ ਹੈ। ਇਉਂ ਦੇਸ਼ ਪ੍ਰਦੇਸ਼ ਨਾਲ ਜੁੜੇ ਰਹਿਣ ਦਾ ਸਬੱਬ ਵੀ ਬਣ ਜਾਂਦਾ ਹੈ, ਅਤੇ ਪੱਤਰਕਾਰੀ ਦਾ ਸ਼ੌਕ ਵੀ ਪੂਰਾ ਹੋ ਜਾਂਦਾ ਹੈ।ਆਪਣੀ ਵਿੱਦਿਅਕ ਯੋਗਤਾ ਆਪਣੇ ਮਿਲਾਪੜੇ ਸੁਭਾਅ ਕਾਰਨ ਉਹ ਸਦਾ ਰੁਝੇਵੇਂ ਵਿਚ ਰਹੇ ਹਨ। ਮਾਨਵਤਾ ਲਈ ਕੁਝ ਕਰ ਗੁਜਰਨ ਦੀ ਪ੍ਰਬਲ ਭਾਵਨਾ ਸੱਦਕਾ ਡਾਕਟਰ ਗਿੱਲ ਨੇ ਆਪਣੇ ਜੀਵਨ ਦੌਰਾਨ ਮਾਣ ਕਰਨਯੋਗ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਉਸ ਦੀ ਕਾਰਜ ਸ਼ੈਲੀ ਨੇ ਵਿਦੇਸ਼ੀ ਧਰਤੀ ਉਤੇ ਪੰਜਾਬੀ ਭਾਈਚਾਰੇ ਦਾ ਨਾਮ ਉਚਾ ਕੀਤਾ ਹੈ। ਅਜਿਹੀ ਪਿਆਰੀ ਸ਼ਖਸ਼ੀਅਤ ਦੇ ਮਾਲਕ ਪ੍ਰਿੰਸੀਪਲ ਡਾਕਟਰ ਸੁਰਿੰਦਰ ਸਿੰਘ ਗਿੱਲ ਦੇ ਉੱਜਵਲ ਭਵਿਖ ਦੀ ਕਾਮਨਾ ਹੋਇਆ ਮੈਂ ਈਸ਼ਵਰ ਅੱਗੇ ਦੁਆ ਕਰਦਾ ਹਾਂ ਕਿ ਸਿਖਿਆ ਜਗਤ ਦਾ ਇਹ ਚਮਕਦਾ ਧਰੂ ਧਾਰਾ,ਆਪਣੀ ਰੌਸ਼ਨੀ ਨੂੰ ਸਦਾ ਬਰਕਰਾਰ ਰੱਖੇਗਾ। ਦੁਨੀਆਂ ਭਰ ਵਿਚ ਚੁਫੇਰੇ ਪਸਰੇ ਅੰਧਕਾਰ ਨੂੰ ਮਿਟਾਉਣ ਲਈ ਬਣਦਾ ਯੋਗਦਾਨ ਪਾਉਂਦਾ ਰਹੇਗਾ। ਮੈਂ ਡਾਕਟਰ ਗਿੱਲ ਦੀ ਲੰਮੀ ਪਰਸੰਨ ਉਮਰ ਦੀ ਕਾਮਨਾ ਕਰਦਾ ਹਾਂ।

'ਹਰ ਮੰਜਲ ਨੂੰ ਸਰ ਕਰ ਲੈਂਦੇ," ਸਿਦਕ ਜਿਹਨਾਂ ਦੇ ਪੱਲੇ।
ਹੋਲੀ ਹੋਲੀ ਬਣੇ ਕਾਫਲਾ, ਕਦੇ ਨਾ ਰਹਿੰਦੇ ਕੱਲੇ।


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਮਹਿਲਾ ਕਾਵਿ ਮੰਚ (ਅੰਤਰਰਾਸ਼ਟਰੀ ਕਵਿਤਾ ਸੁਸਾਇਟੀ, ਰਜਿ.) ਰਾਜ-ਪੱਧਰੀ ਸਾਲਾਨਾ ਉਤਸਵ- ਪੰਜਾਬ 2026 ਸਮਾਪਤ

## ਮਹਿਲਾ ਕਾਵਿ ਮੰਚ, ਅੰਮ੍ਰਿਤਸਰ ਨੂੰ ਸਰਵੋਤਮ ਇਕਾਈ ਦਾ ਪੁਰਸਕਾਰ ਮਿਲਿਆ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਮਹਿਲਾ ਕਾਵਿ ਮੰਚ (ਅੰਤਰਰਾਸ਼ਟਰੀ ਕਵਿਤਾ ਸੁਸਾਇਟੀ, ਰਜਿ.) ਦਾ ਰਾਜ-ਪੱਧਰੀ ਸਾਲਾਨਾ ਉਤਸਵ (ਪੰਜਾਬ) ਮਹਿਲਾ ਕਾਵਿ ਮੰਚ, ਅੰਮ੍ਰਿਤਸਰ ਇਕਾਈ ਦੁਆਰਾ ਸ਼ਹਿਜ਼ਾਦਾ ਨੰਦ ਕਾਲਜ ਦੇ ਆਡੀਟੋਰੀਅਮ ਵਿੱਚ ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਗਮ ਫੋਰਮ ਦੇ ਸੰਸਥਾਪਕ ਅਤੇ ਪ੍ਰੇਰਨਾ ਸਰੋਤ, ਡਾ. ਨਰੇਸ਼ 'ਨਾਜ਼' ਜੀ, ਅਤੇ ਉਨ੍ਹਾਂ ਦੀ ਪਤਨੀ ਨਿਅਤੀ ਗੁਪਤਾ (ਪ੍ਰਧਾਨ,ਮਕਾਮ ਟਰੱਸਟ) ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਗਿਆ। ਡਾ. ਇਰਾਦੀਪ ਤ੍ਰੇਹਨ (ਰਾਸ਼ਟਰੀ ਜਨਰਲ ਸਕੱਤਰ, ਮਹਿਲਾ ਕਾਵਿ ਮੰਚ ਦੇ ਇੰਚਾਰਜ) ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।

ਇਸ ਮੌਕੇ ਸ਼ਾਲੂ ਗੁਪਤਾ (ਗਲੋਬਲ ਵਾਈਸ ਪ੍ਰੈਜ਼ੀਡੈਂਟ, ਮਕਾਮ) ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਵਿਸ਼ੇਸ਼ ਮਹਿਮਾਨਾਂ ਵਿੱਚ ਮੁਕੇਸ਼ ਗੁਪਤਾ (ਗਲੋਬਲ ਕੰਸਲਟੈਂਟ, ਪ੍ਰਹਾਰੀ ਮੰਚ), ਡਾ. ਵੀਨਾ ਵਿਜ 'ਉਦਿਤ' (ਰਾਸ਼ਟਰੀ ਜਨਰਲ ਸਕੱਤਰ, ਸਿੱਖਿਆ ਮੰਚ), ਡਾ. ਰੀਨਾ ਤਲਵਾੜ (ਪ੍ਰਿੰਸੀਪਲ, ਸ਼ਹਿਜ਼ਾਦਾ ਨੰਦ ਕਾਲਜ), ਸੁਸ਼ਮਾ ਮਹਿਰਾ (ਸਿੱਖਿਆ ਸ਼ਾਸਤਰੀ), ਡਾ. ਮਧੂ ਸੰਧੂ (ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਸਾਹਿਤਕਾਰ), ਅਤੇ ਡਾ. ਸਵਰਾਜ ਗਰੋਵਰ (ਰਾਸ਼ਟਰੀ ਪੁਰਸਕਾਰ ਜੇਤੂ ਸਮਾਜ ਸੇਵਕ) ਸ਼ਾਮਲ ਸਨ।

ਕੇਂਦਰੀ ਕਮੇਟੀ ਦੇ ਮੈਂਬਰਾਂ ਵਿੱਚ ਡਾ. ਸ਼ੈਲੀ ਜੱਗੀ (ਸਰਪ੍ਰਸਤ,ਮਕਾਮ ਅਤੇ ਪ੍ਰਧਾਨ, ਸਿੱਖਿਆ ਮੰਚ ਪੰਜਾਬ), ਬੇਨੂ ਸਤੀਸ਼ ਕਾਂਤ (ਪ੍ਰਧਾਨ, ਪੰਜਾਬ ਇਕਾਈ), ਡਾ. ਨੀਲੂ ਸ਼ਰਮਾ (ਪ੍ਰਧਾਨ, ਪੰਜਾਬ ਇਕਾਈ-2), ਸੀਮਾ ਭਾਟੀਆ (ਜਨਰਲ ਸਕੱਤਰ, ਪੰਜਾਬ ਇਕਾਈ-1), ਅਤੇ ਰਾਧਾ ਸ਼ਰਮਾ (ਜਨਰਲ ਸਕੱਤਰ, ਪੰਜਾਬ ਇਕਾਈ-2) ਸ਼ਾਮਲ ਸਨ। ਪ੍ਰੋ. ਨੀਲਮ ਪ੍ਰਭਾ ਦੇਵਗਨ (ਪ੍ਰਧਾਨ, ਮਹਿਲਾ ਕਾਵਿ ਮੰਚ, ਅੰਮ੍ਰਿਤਸਰ) ਅਤੇ ਸਾਹਿਲ ਭਾਰਦਵਾਜ ਨੇ ਵੀ ਇਸ ਸਮਾਗਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।



ਪ੍ਰੋਗਰਾਮ ਦੀ ਸ਼ੁਰੂਆਤ ਸ਼ਹਿਜ਼ਾਦਾ ਨੰਦ ਕਾਲਜ ਦੀ ਪ੍ਰਿੰਸੀਪਲ ਡਾ. ਰੀਨਾ ਤਲਵਾਰ ਦੇ ਸਵਾਗਤੀ ਭਾਸ਼ਣ ਅਤੇ ਔਰਤਾਂ ਦੀ ਮਹਿਮਾ 'ਤੇ ਇੱਕ ਦਿਲਕਸ਼ ਕਵਿਤਾ ਨਾਲ ਹੋਈ। ਇਸ ਤੋਂ ਬਾਅਦ ਪ੍ਰੋਫੈਸਰ ਨੀਲਮ ਪ੍ਰਭਾ ਦੇਵਗਨ ਨੇ ਪ੍ਰੋਗਰਾਮ ਦੀ ਰੂਪ-ਰੇਖਾ ਪੇਸ਼ ਕੀਤੀ। ਇਸ ਸਮਾਗਮ ਦੀ ਇੱਕ ਵਿਸ਼ੇਸ਼ ਝਲਕ "ਮਕਮ" 'ਤੇ ਇੱਕ ਪਾਵਰਪੁਆਇੰਟ ਪੇਸ਼ਕਾਰੀ ਸੀ ਜੋ ਮਹਿਲਾ ਕਾਵਿ ਮੰਚ, ਪੰਜਾਬ ਦੀ ਸਰਪ੍ਰਸਤ ਡਾ. ਸ਼ੈਲੀ ਜੱਗੀ ਦੁਆਰਾ ਪੇਸ਼ ਕੀਤੀ ਗਈ ਸੀ। ਮੌਜੂਦ ਕਵੀਆਂ ਅਤੇ ਲੇਖਕਾਂ ਨੂੰ ਸੰਬੋਧਨ ਕਰਦੇ ਹੋਏ, ਸੰਸਥਾਪਕ ਡਾ. ਨਰੇਸ਼ "ਨਾਜ਼" ਜੀ, ਸੰਸਥਾਪਕ ਨੇ ਕਿਹਾ, "ਔਰਤਾਂ ਕਵਿਤਾ ਲਈ ਪ੍ਰੇਰਨਾ ਹਨ; ਉਨ੍ਹਾਂ ਤੋਂ ਬਿਨਾਂ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। "ਮਕਮ" ਦਾ ਉਦੇਸ਼ ਔਰਤਾਂ ਨੂੰ ਦਿਲ ਤੋਂ ਸਟੇਜ 'ਤੇ ਲਿਆਉਣਾ, ਰਾਸ਼ਟਰ ਨੂੰ ਜਗਾਉਣਾ ਅਤੇ ਹਿੰਦੀ ਨੂੰ ਹਰ ਘਰ ਤੱਕ ਪਹੁੰਚਾਉਣਾ ਹੈ।"ਇਸ ਤੋਂ ਬਾਅਦ, ਕਵਿਤਾ ਪਾਠ ਬਹੁਤ ਹੀ ਉਤਸ਼ਾਹੀ ਮਾਹੌਲ ਵਿੱਚ ਸ਼ੁਰੂ ਹੋਇਆ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਹੁਸ਼ਿਆਰਪੁਰ, ਫਾਜ਼ਿਲਕਾ, ਲੁਧਿਆਣਾ, ਜਲੰਧਰ, ਬਰਨਾਲਾ, ਕਪੂਰਥਲਾ, ਤਰਨਤਾਰਨ, ਪਟਿਆਲਾ, ਪਠਾਨਕੋਟ ਅਤੇ ਪਾਣੀਪਤ ਦੇ 70 ਤੋਂ ਵੱਧ ਕਵੀਆਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ। ਸ਼ਹਿਜ਼ਾਦਾ ਨੰਦ ਕਾਲਜ ਦਾ ਕੈਂਪਸ ਕਵਿਤਾ ਨਾਲ ਭਰਿਆ ਹੋਇਆ ਸੀ। ਪ੍ਰਬੰਧਕ ਸੰਸਥਾ, ਮਹਿਲਾ ਕਾਵਿ ਮੰਚ, ਅੰਮ੍ਰਿਤਸਰ ਤੋਂ, ਡਾ. ਸ਼ੈਲੀ ਜੱਗੀ (ਸਰਪ੍ਰਸਤ, ਪੰਜਾਬ), ਪ੍ਰੋ. ਨੀਲਮ ਪ੍ਰਭਾ ਦੇਵਗਨ (ਪ੍ਰਧਾਨ), ਰਿਤੂ ਵੇਮੂਰੀ (ਉਪ ਪ੍ਰਧਾਨ), ਮਿਸ਼ਟੀ ਕੱਕੜ (ਜਨਰਲ ਸਕੱਤਰ), ਵਿਜੇ ਵਧਾਵਨ (ਸਕੱਤਰ), ਅਪਰਨਾ ਸ਼ਰਮਾ (ਸੰਯੁਕਤ ਸਕੱਤਰ), ਅਤੇ ਹੋਰ ਮੈਂਬਰ ਨੀਰੂ ਮਹਿਤਾ, ਸੁਨੀਤਾ ਅਰੋੜਾ, ਵਿਕਟੋਰੀਆ ਵੋਹਰਾ, ਰੇਣੂ ਘਈ ਅਤੇ ਪਰਮਜੀਤ ਜੈਸਵਾਲ - ਨੇ ਆਪਣੀਆਂ ਰੂਹਾਨੀ ਅਤੇ ਸ਼ਕਤੀਸ਼ਾਲੀ ਕਵਿਤਾਵਾਂ ਨਾਲ ਮਾਹੌਲ ਨੂੰ ਸਾਹਿਤਕ ਊਰਜਾ ਨਾਲ ਭਰ ਦਿੱਤਾ। ਡਾ. ਨਰੇਸ਼ 'ਨਾਜ਼' ਦੀ ਪੇਸ਼ਕਾਰੀ ਨੇ ਸਮਾਗਮ ਦੀ ਸ਼ਾਨ ਨੂੰ ਹੋਰ ਵਧਾ ਦਿੱਤਾ। ਇਸ ਮੌਕੇ ਡਾ. ਵੀਨਾ ਵਿਜ ਉਦਿਤ ਦਾ ਲਘੂ ਕਹਾਣੀ ਸੰਗ੍ਰਹਿ, "ਰਾਂਗ ਨੰਬਰ" ਵੀ ਰਿਲੀਜ਼ ਕੀਤਾ ਗਿਆ। ਮਹਿਮਾਨਾਂ ਦੁਆਰਾ ਸਾਰੇ ਭਾਗੀਦਾਰਾਂ ਨੂੰ ਯਾਦਗਾਰੀ ਚਿੰਨ੍ਹ, ਕਿਤਾਬਾਂ ਅਤੇ ਸਰਟੀਫਿਕੇਟ ਭੇਟ ਕੀਤੇ ਗਏ। ਪ੍ਰੋਗਰਾਮ ਦੇ ਅੰਤ ਵਿੱਚ, ਡਾ. ਸ਼ੈਲੀ ਜੱਗੀ ਨੇ ਸ਼ਹਿਜ਼ਾਦਾ ਨੰਦ ਕਾਲਜ ਦੀ ਪ੍ਰਧਾਨ ਸ਼੍ਰੀਮਤੀ ਸੁਸ਼ਮਾ ਮਹਿਰਾ, ਪ੍ਰਿੰਸੀਪਲ ਡਾ. ਰੀਨਾ ਤਲਵਾੜ, ਸਟਾਫ, ਸਾਰੇ ਮਹਿਮਾਨਾਂ ਅਤੇ ਇਸ ਪ੍ਰੋਗਰਾਮ ਵਿੱਚ ਯੋਗਦਾਨ ਪਾਉਣ ਵਾਲੇ ਹਰ ਵਿਅਕਤੀ: ਡਾ. ਨੀਲੂ ਸ਼ਰਮਾ, ਡਾ. ਸੰਜੇ ਚੌਹਾਨ,



ਵਿਕਰਮ ਸ਼ਰਮਾ, ਸਾਹਿਲ ਮਹਾਜਨ ਅਤੇ ਇਸ ਵਿੱਚ ਸ਼ਾਮਲ ਹਰ ਵਿਅਕਤੀ ਦਾ ਧੰਨਵਾਦ ਕਰਦੇ ਹੋਏ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ 'ਤੇ, ਸੰਸਥਾਪਕ ਡਾ. ਨਰੇਸ਼ 'ਨਾਜ਼' ਨੇ ਮਹਿਲਾ ਕਾਵਿ ਮੰਚ,



ਅੰਮ੍ਰਿਤਸਰ ਯੂਨਿਟ ਨੂੰ ਸਰਵੋਤਮ ਯੂਨਿਟ ਟਰਾਫੀ ਭੇਟ ਕੀਤੀ। ਨੀਰੂ ਮਹਿਤਾ, ਡਾ. ਸ਼ੈਲੀ ਜੱਗੀ, ਰਿਤੂ ਵੇਮੂਰੀ, ਨਵਦੀਪ ਕੌਰ (ਮਿਸ਼ਤੀ), ਵਿਕਟੋਰੀਆ ਵੋਹਰਾ ਅਤੇ ਪ੍ਰੋ. ਨੀਲਮ ਪ੍ਰਭਾ ਦੇਵਗਨ ਦੁਆਰਾ ਸਟੇਜ ਪ੍ਰਬੰਧਨ ਸ਼ਲਾਘਾਯੋਗ ਸੀ। ਇਸ ਤਰ੍ਹਾਂ, ਇਹ ਸ਼ਾਨਦਾਰ ਸਮਾਗਮ ਬਹੁਤ ਹੀ ਉਤਸ਼ਾਹਜਨਕ, ਪ੍ਰੇਰਨਾਦਾਇਕ, ਸਦਭਾਵਨਾਪੂਰਨ ਅਤੇ ਸਾਹਿਤਕ ਮਾਹੌਲ ਵਿੱਚ ਸਫਲਤਾਪੂਰਵਕ ਸਮਾਪਤ ਹੋਇਆ।

# ਹਥਿਆਰ ਤਸਕਰੀ ਮਾਡਿਊਲ ਨਾਲ ਸਬੰਧਤ ਬਿਹਾਰ-ਅਧਾਰਤ ਹਥਿਆਰ ਸਪਲਾਇਰ ਸਮੇਤ ਚਾਰ ਦੋਸ਼ੀ ਕਾਬੂ,10 ਸੈਲਫ਼-ਲੋਡਿੰਗ ਹਥਿਆਰ ਬਰਾਮਦ

ਪਟਿਆਲਾ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਪਟਿਆਲਾ ਪੁਲਿਸ ਨੇ ਅੰਤਰ-ਰਾਜੀ ਗੈਰ-ਕਾਨੂੰਨੀ ਹਥਿਆਰ ਸਪਲਾਈ ਮਾਡਿਊਲ ਨਾਲ ਸਬੰਧਤ ਚਾਰ ਦੋਸ਼ੀਆਂ ਨੂੰ 10 ਆਧੁਨਿਕ ਸੈਲਫ-ਲੋਡਿੰਗ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ । ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੌਰਭ ਕੁਮਾਰ ਵਾਸੀ ਪਿੰਡ ਜਾਰੰਗ ਦੀਹ , ਮੁਜ਼ੱਫਰਪੁਰ (ਬਿਹਾਰ), ਸਾਜਨ ਵਾਸੀ ਸੋਹਾਣਾ( ਐਸਏਐਸ ਨਗਰ), ਅਭਿਸ਼ੇਕ ਉਰਫ਼ ਕਾਕਾ ਵਾਸੀ ਗੁਰਦੀਪ ਕਲੋਨੀ ਅਬਲੋਵਾਲ, ਪਟਿਆਲਾ ਅਤੇ ਇੰਦਰਜੀਤ ਸਿੰਘ ਉਰਫ਼ ਰੋਹਿਤ ਵਾਸੀ ਪੁਰਾਣਾ ਬਿਸ਼ਨ ਨਗਰ,ਪਟਿਆਲਾ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਬਿਹਾਰ ਤੋਂ ਦੇਸੀ ਹਥਿਆਰ ਲਿਆਉਂਦੇ ਸਨ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਸੂਬੇ ਵਿੱਚ ਸਪਲਾਈ ਕਰਦੇ ਸਨ। ਉਨ੍ਹਾਂ ਕਿਹਾ ਕਿ ਹੋਰ ਜਾਂਚ ਤੋਂ ਗੈਂਗਵਾਰ ਬਾਰੇ ਵੀ ਸੰਕੇਤ ਮਿਲੇ ਹਨ, ਜਿਸ ਤਹਿਤ ਇਲਾਕੇ ਵਿੱਚ ਦਬਦਬਾ ਕਾਇਮ ਕਰਨ ਲਈ ਗੋਲਡੀ ਢਿੱਲੋਂ ਨੈੱਟਵਰਕ ਨਾਲ ਜੁੜੇ ਇੱਕ ਵਿਰੋਧੀ ਅਪਰਾਧੀ ਨੂੰ ਨਿਸ਼ਾਨਾ ਬਣਾਉਣ ਦੀਆਂ ਯੋਜਨਾਵਾਂ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਪੂਰੇ ਨੈੱਟਵਰਕ ਨੂੰ ਖਤਮ ਕੀਤਾ ਜਾ ਸਕੇ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਪਟਿਆਲਾ ਵਰੁਣ ਸ਼ਰਮਾ ਨੇ ਦੱਸਿਆ ਕਿ ਪੁਲਿਸ ਟੀਮਾਂ ਨੂੰ ਪੁਖ਼ਤਾ ਇਤਲਾਹ ਮਿਲੀ ਸੀ ਕਿ ਬਿਹਾਰ ਨਿਵਾਸੀ ਸੌਰਭ ਕੁਮਾਰ ਸੂਬੇ ਵਿੱਚ ਟਾਰਗੇਟ ਕਿਲਿੰਗ ਅਤੇ ਹੋਰ ਘਿਨਾਉਣੇ ਅਪਰਾਧਾਂ ਨੂੰ ਅੰਜਾਮ ਦੇਣ ਲਈ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਅਪਰਾਧੀਆਂ ਨੂੰ ਦੇਸੀ ਸੈਲਫ਼-ਲੋਡਿੰਗ ਪਿਸਤੌਲ ਸਪਲਾਈ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਐਸ.ਪੀ. ਇਨਵੈਸਟੀਗੇਸ਼ਨ ਪਟਿਆਲਾ ਗੁਰਬੰਸ ਸਿੰਘ ਬੈਂਸ ਅਤੇ ਡੀ.ਐਸ.ਪੀ. ਹਰਮਨ ਚੀਮਾ ਦੀ ਨਿਗਰਾਨੀ ਹੇਠ ਸੀ.ਆਈ.ਏ. ਪਟਿਆਲਾ ਯੂਨਿਟ ਅਤੇ ਐਸ.ਐਚ.ਓ. ਸ਼ੰਭੂ ਨੇ ਹਥਿਆਰ ਤਸਕਰੀ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਐਸ.ਐਸ.ਪੀ. ਨੇ ਅੱਗੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਸੌਰਭ ਕੁਮਾਰ ਬਿਹਾਰ ਦੇ ਮੁਜ਼ੱਫਰਪੁਰ ਦੀਆਂ ਕੁਝ ਗੈਰ-ਕਾਨੂੰਨੀ ਹਥਿਆਰ ਨਿਰਮਾਣ ਯੂਨਿਟਾਂ ਤੋਂ ਹਥਿਆਰਾਂ ਦਾ ਪ੍ਰਬੰਧ ਕਰਦਾ ਸੀ ਅਤੇ ਵੱਖ-ਵੱਖ ਸਾਧਨਾਂ ਰਾਹੀਂ ਪੰਜਾਬ ਵਿੱਚ ਸਪਲਾਈ ਕਰਦਾ ਸੀ। ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਇਹ ਵੀ ਪਤਾ ਲੱਗਾ ਕਿ ਗ੍ਰਿਫ਼ਤਾਰ ਮੁਲਜ਼ਮ ਅਭਿਸ਼ੇਕ ਸੋਸ਼ਲ ਮੀਡੀਆ



ਪਲੇਟਫਾਰਮਾਂ ਰਾਹੀਂ ਗੈਂਗਸਟਰ ਗੋਲਡੀ ਢਿੱਲੋਂ ਦੇ ਸੰਪਰਕ ਵਿੱਚ ਸੀ ਅਤੇ ਗੈਂਗਵਾਰ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਇਸ ਸਬੰਧੀ ਐਫਆਈਆਰ ਨੰਬਰ 50 ਮਿਤੀ 1-4-2026 ਤਹਿਤ ਪਟਿਆਲਾ ਦੇ ਪੁਲਿਸ ਸਟੇਸ਼ਨ ਸ਼ੰਭੂ ਵਿਖੇ ਬੀ.ਐਨ.ਐਸ. ਦੀ ਧਾਰਾ 111 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਕੇਸ ਦਰਜ ਕੀਤਾ ਗਿਆ ਹੈ।


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੇ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107



SANJHI SOCH
ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656

# ਪਦਮ ਆਸਣ: ਮਨ ਦੀ ਸ਼ਾਂਤੀ ਅਤੇ ਸਿਹਤ ਦਾ ਰਾਜ

ਯੋਗ ਆਸਣਾਂ ਵਿੱਚ ਪਦਮ ਆਸਣ ਸਭ ਤੋਂ ਮਹੱਤਵਪੂਰਨ ਅਤੇ ਪ੍ਰਸਿੱਧ ਆਸਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। 'ਪਦਮ' ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਕਮਲ ਦਾ ਫੁੱਲ ਹੁੰਦਾ ਹੈ। ਜਦੋਂ ਮਨੁੱਖ ਧਿਆਨ ਲਈ ਚੌਂਕੜੀ ਮਾਰ ਕੇ ਬੈਠਦਾ ਹੈ, ਤਾਂ ਉਹ ਆਪਣੇ ਦੋਵੇਂ ਪੈਰ ਇਸ ਤਰ੍ਹਾਂ ਰੱਖਦਾ ਹੈ ਕਿ ਸਰੀਰ ਦੀ ਅਕ੍ਰਿਤੀ ਖਿੜੇ ਹੋਏ ਕਮਲ ਦੇ ਫੁੱਲ ਵਰਗੀ ਜਾਪਦੀ ਹੈ। ਇਸੇ ਕਰਕੇ ਇਸ ਆਸਣ ਨੂੰ ਪਦਮ ਆਸਣ ਕਿਹਾ ਜਾਂਦਾ ਹੈ।

ਭਾਰਤੀ ਅਧਿਆਤਮਿਕ ਪਰੰਪਰਾ ਵਿੱਚ ਕਮਲ ਦਾ ਫੁੱਲ ਪਵਿੱਤਰਤਾ, ਸ਼ਾਂਤੀ ਅਤੇ ਉੱਚੇ ਚਿੰਤਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਕਮਲ ਕਿਚੜ ਵਿੱਚੋਂ ਉੱਗ ਕੇ ਵੀ ਆਪਣੀ ਸੁਚੱਜੀ ਅਤੇ ਪਵਿੱਤਰ ਪਹਿਚਾਣ ਕਾਇਮ ਰੱਖਦਾ ਹੈ। ਇਹ ਗੱਲ ਮਨੁੱਖ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਜੀਵਨ ਦੀਆਂ ਮੁਸ਼ਕਲਾਂ ਅਤੇ ਅਸ਼ੁੱਧਤਾ ਵਿਚਕਾਰ ਰਹਿੰਦਿਆਂ ਵੀ ਮਨੁੱਖ ਆਪਣੀ ਸੋਚ ਨੂੰ ਉੱਚਾ ਅਤੇ ਪਵਿੱਤਰ ਰੱਖ ਸਕਦਾ ਹੈ।

ਪਦਮ ਆਸਣ ਸਿਰਫ਼ ਇੱਕ ਸਰੀਰਕ ਕਸਰਤ ਹੀ ਨਹੀਂ, ਸਗੋਂ ਮਨ ਦੀ ਸ਼ਾਂਤੀ ਅਤੇ ਆਤਮਿਕ ਉਚਾਈ ਵੱਲ ਲੈ ਜਾਣ ਵਾਲਾ ਰਾਹ ਵੀ ਹੈ। ਯੋਗ ਵਿੱਚ ਧਿਆਨ ਲਗਾਉਣ ਲਈ ਇਹ ਆਸਣ ਸਭ ਤੋਂ ਉਚਿਤ ਮੰਨਿਆ ਜਾਂਦਾ ਹੈ। ਇਸ ਵਿੱਚ ਬੈਠ ਕੇ ਮਨੁੱਖ ਆਪਣੇ ਮਨ ਨੂੰ ਇਕਾਗਰ ਕਰ ਸਕਦਾ ਹੈ ਅਤੇ ਅੰਦਰੂਨੀ ਸ਼ਾਂਤੀ ਦਾ ਅਨੁਭਵ ਕਰਦਾ ਹੈ। ਇਸ ਤਰ੍ਹਾਂ ਪਦਮ ਆਸਣ ਸਰੀਰ, ਮਨ ਅਤੇ ਆਤਮਾ ਨੂੰ ਸੰਤੁਲਿਤ ਕਰਨ ਦਾ ਇੱਕ ਸੁੰਦਰ ਮਾਧਿਅਮ ਬਣ ਜਾਂਦਾ ਹੈ।

ਯੋਗ ਵਿਦਿਆ ਵਿੱਚ ਪਦਮ ਆਸਣ ਕਰਨ ਲਈ ਸਭ ਤੋਂ ਪਹਿਲਾਂ ਇੱਕ ਸਾਫ਼ ਅਤੇ ਸਮਤਲ ਚਟਾਈ 'ਤੇ ਬੈਠੋ ਅਤੇ ਦੋਵੇਂ ਲੱਤਾਂ ਨੂੰ ਸਿੱਧਾ ਅੱਗੇ ਵੱਲ ਫੈਲਾ ਲਵੋ। ਹੁਣ ਸੱਜੀ ਲੱਤ ਨੂੰ ਹੌਲੀ-ਹੌਲੀ ਗੋਡੇ ਤੋਂ ਮੋੜੋ ਅਤੇ ਹੱਥ ਨਾਲ ਸੱਜੇ ਪੈਰ ਨੂੰ ਫੜ ਕੇ ਖੱਬੇ ਪੱਟ ਦੇ ਉੱਪਰ ਵੱਲ ਇਸ ਤਰ੍ਹਾਂ ਰੱਖੋ ਕਿ ਸੱਜੀ ਅੱਡੀ ਧੁੰਨੀ ਦੇ ਨੇੜੇ ਆ ਟਿਕੇ। ਇਸੇ ਤਰ੍ਹਾਂ ਖੱਬੀ ਲੱਤ ਨੂੰ ਵੀ ਮੋੜ ਕੇ ਸੱਜੇ ਪੱਟ ਉੱਤੇ ਰੱਖੋ ਤਾਂ ਜੋ ਖੱਬੀ ਅੱਡੀ ਵੀ ਧੁੰਨੀ ਦੇ ਨੇੜੇ ਰਹੇ। ਧਿਆਨ ਰਹੇ ਕਿ ਦੋਵਾਂ ਪੈਰਾਂ ਦੇ ਤਲੇ ਉੱਪਰ ਵੱਲ ਹੋਣ ਅਤੇ ਸਰੀਰ ਦਾ ਸੰਤੁਲਨ ਬਰਕਰਾਰ ਰਹੇ। ਇਸ ਅਵਸਥਾ ਵਿੱਚ ਸਿਰ ਅਤੇ ਰੀੜ੍ਹ ਦੀ ਹੱਡੀ ਨੂੰ ਬਿਲਕੁਲ ਸਿੱਧਾ ਰੱਖੋ। ਹੁਣ ਖੱਬਾ ਹੱਥ ਖੱਬੇ ਗੋਡੇ 'ਤੇ ਅਤੇ ਸੱਜਾ ਹੱਥ ਸੱਜੇ ਗੋਡੇ 'ਤੇ ਟਿਕਾਓ। ਦੋਵਾਂ ਹੱਥਾਂ ਦੇ ਅੰਗੂਠਿਆਂ ਦੇ ਸਿਰੇ ਨਾਲ ਵਾਲੀਆਂ ਉਂਗਲਾਂ ਦੇ ਸਿਰਿਆਂ ਨੂੰ ਛੂਹਣ ਦਿਓ ਤਾਂ ਕਿ ਪਦਮ ਆਸਣ ਆਪਣੀ ਪੂਰਨਤਾ ਵਿੱਚ ਦਿਖਾਈ ਦੇ ਸਕੇ।



ਪਦਮ ਆਸਣ ਹਰ ਉਮਰ ਦੇ ਲੋਕਾਂ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਅਤੇ ਮਰਦਾਂ ਲਈ ਬੇਹੱਦ ਲਾਭਦਾਇਕ ਹੈ। ਇਸ ਦੇ ਨਿਯਮਤ ਅਭਿਆਸ ਨਾਲ ਲੱਤਾਂ ਵਿੱਚ ਲਚਕ ਅਤੇ ਤਾਕਤ ਵਧਦੀ ਹੈ ਅਤੇ ਪੈਲਵਿਕ ਹਿੱਸੇ ਵਿੱਚ ਖ਼ੂਨ ਦਾ ਸੰਚਾਰ ਸੁਧਰਦਾ ਹੈ। ਇਹ ਆਸਣ ਪਾਚਨ ਕਿਰਿਆ ਨੂੰ ਮਜ਼ਬੂਤ ਕਰਦਾ ਹੈ ਤੇ ਸਰੀਰ ਦੀਆਂ ਗ੍ਰੰਥੀਆਂ ਨੂੰ ਸਰਗਰਮ ਬਣਾਉਣ ਵਿੱਚ ਮਦਦ ਕਰਦਾ ਹੈ। ਵਿਦਵਾਨਾਂ ਦੇ ਅਨੁਸਾਰ, ਗਰਭ ਅਵਸਥਾ ਦੌਰਾਨ ਇਸ ਆਸਣ ਦਾ ਲਗਾਤਾਰ ਅਭਿਆਸ ਕਰਨ ਨਾਲ ਡਿਲੀਵਰੀ ਦੀ ਪ੍ਰਕਿਰਿਆ ਕਾਫ਼ੀ ਹੱਦ ਤੱਕ ਆਸਾਨ ਅਤੇ ਸੁਚਾਰੂ ਬਣ ਸਕਦੀ ਹੈ।

ਇਸ ਤੋਂ ਇਲਾਵਾ ਪਦਮ ਆਸਣ ਧਿਆਨ, ਸਮਾਧੀ, ਪ੍ਰਾਣਾਯਾਮ ਅਤੇ ਜਪ ਲਈ ਸਭ ਤੋਂ ਉਚਿਤ ਮੰਨਿਆ ਜਾਂਦਾ ਹੈ। ਇਹ ਮਨ ਨੂੰ ਸ਼ਾਂਤ ਕਰਦਾ ਹੈ, ਚਿੰਤਾਵਾਂ ਨੂੰ ਘਟਾਉਂਦਾ ਹੈ ਅਤੇ ਅੰਦਰੂਨੀ ਆਤਮਿਕ ਸ਼ਕਤੀ ਨੂੰ ਜਗਾਉਂਦਾ ਹੈ। ਇਸ ਕਰਕੇ ਯੋਗ ਦੇ ਅਭਿਆਸ ਵਿੱਚ ਪਦਮ ਆਸਣ ਨੂੰ ਵਿਸ਼ਰਾਮ ਅਤੇ ਆਤਮਿਕ ਕੇਂਦ੍ਰਤਾ ਦੇ ਮਹੱਤਵਪੂਰਨ ਆਸਣਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਬਾਹਰਲੀ ਦੁਨੀਆ ਦੀ ਭਗਦੜ ਤੋਂ ਹਟ ਕੇ ਆਪਣੇ ਅੰਦਰਲੀ ਰੂਹ ਨਾਲ ਜੁੜਨਾ ਅਤੇ ਉਸ ਤੋਂ ਜੀਵਨ ਦੀ ਦਿਸ਼ਾ ਲੈਣਾ।






Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

GHUMAN LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ

## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**

**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA



ਬਘੇਲ ਸਿੰਘ ਧਾਲੀਵਾਲ
99142-58142

# ਖੁੱਲਾ ਖ਼ਤ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ

ਸਤਿਕਾਰਯੋਗ ਭਗਵੰਤ ਸਿੰਘ ਮਾਨ ਸਾਹਿਬ,

ਸਿੱਖ ਕੌਮ ਤੁਹਾਡੇ ਸਾਹਮਣੇ ਅੱਜ ਇੱਕ ਫਰਿਆਦ ਲੈ ਕੇ ਖੜੀ ਹੈ। ਇਹ ਫ਼ਰਿਆਦ ਕੋਈ ਸਧਾਰਨ ਮੁੱਦਾ ਨਹੀਂ, ਨਾ ਹੀ ਇਹ ਵਿਰੋਧੀਆਂ ਨੂੰ ਚਿੱਤ ਕਰਨ ਵਾਲਾ ਕੋਈ ਸਿਆਸੀ ਪੈਂਤੜਾ,ਇਹ ਤਾਂ ਗੁਰੂ ਦੀ ਹੋਂਦ ਨੂੰ ਚੈਲਿੰਜ ਦਾ ਸਵਾਲ ਹੈ। ਇਹ ਸਿੱਖ ਦੀ ਰੂਹ ਨਾਲ ਜੁੜਿਆ ਹੋਇਆ ਮਸਲਾ ਹੈ ਸਿੱਖ ਦੀ ਆਸਥਾ ਸ਼ਰਧਾ ਨਾਲ ਜੁੜਿਆ ਹੋਇਆ ਹੈ। ਬੇਅਦਬੀਆਂ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇ ਤੋਂ ਲਗਾਤਾਰ ਹੁੰਦੀਆਂ ਆ ਰਹੀਆਂ ਹਨ। ਹਰ ਵਾਰ ਜਦੋਂ ਕੋਈ ਘਟਨਾ ਵਾਪਰਦੀ ਹੈ, ਤਾਂ ਸਿੱਖ ਮਨਾਂ ਚ ਰੋਹ ਪੈਦਾ ਹੁੰਦਾ ਹੈ,ਅਜਿਹੇ ਦਰਦ ਵਿੱਚੋ ਹੀ ਸੰਘਰਸ਼ ਪੈਦਾ ਹੁੰਦੇ ਹਨ,ਮੋਰਚੇ ਲੱਗਦੇ ਹਨ।ਜਿਵੇਂ ਇਨਸਾਫ ਲਈ ਲੱਗਿਆ ਮੋਰਚਾ ਮੋਹਾਲੀ ਅਤੇ ਟਾਵਰ ਮੋਰਚਾ ਸਮਾਣਾ ਵੀ ਇਸ ਦਿਲ ਦੀ ਟੀਸ ਚੋ ਪੈਦਾ ਹੋਇਆ ਮੋਰਚਾ ਹੈ,ਇਹ ਮੋਰਚੇ ਸਮੁੱਚੀ ਕੌਮ ਦੀ ਤਰਜਮਾਨੀ ਕਰਦੇ ਹਨ।ਇਸੇ ਸੰਦਰਭ ਵਿੱਚ ਤੁਹਾਡੀ ਸਰਕਾਰ ਵੱਲੋਂ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਤੁਹਾਡੇ ਵੱਲੋਂ ਜਿਸ ਢੰਗ ਨਾਲ ਲੋਕਾਂ ਵਿੱਚ ਨਵੇਂ ਕਨੂੰਨ ਦੀ ਵਿਆਖਿਆ ਕੀਤੀ ਜਾ ਰਹੀ ਹੈ, ਉਹਨਾਂ ਭਾਸ਼ਨਾਂ ਨੂੰ ਸੁਣਕੇ ਪਹਿਲੀ ਨਜ਼ਰ ਵਿੱਚ ਇਹ ਕਦਮ ਲੋਕਾਂ ਦੀਆਂ ਭਾਵਨਾਵਾਂ ਦੇ ਹੱਕ ਵਿੱਚ ਲੱਗਦਾ ਹੈ। ਪਰ ਸੱਚ ਕਈ ਵਾਰ ਉਹ ਨਹੀਂ ਹੁੰਦਾ ਜੋ ਉੱਪਰੋਂ ਦਿਖਾਈ ਦਿੰਦਾ ਹੈ ਜਾਂ ਦਿਖਾਇਆ ਜਾ ਰਿਹਾ ਹੁੰਦਾ ਹੈ।ਅਜਿਹੇ ਕਨੂੰਨਾਂ ਦੇ ਪਿੱਛੇ ਦੀ ਮਣਸ਼ਾ ਬੇਹੱਦ ਖਤਰਨਾਕ ਹੋ ਸਕਦੀ ਹੈ,ਕਿਉਂਕਿ ਭਾਰਤੀ ਤੰਤਰ ਦਾ ਅੱਜ ਤੱਕ ਦਾ ਖਾਸਾ ਸਿੱਖ ਵਿਰੋਧੀ ਰਿਹਾ ਹੈ। ਇਸ ਲਈ ਤੁਸੀ ਅਜਿਹਾ ਕੋਈ ਵੀ ਕਨੂੰਨ ਬਣਾ ਹੀ ਨਹੀ ਸਕਦੇ ਜਿਹੜਾ ਪੂਰਨ ਰੂਪ ਚ ਕੌਮ ਦੇ ਪੱਖ ਪੂਰਦਾ ਹੋਵੇ। ਮਾਨ ਸਾਹਿਬ !


ਗੱਲ ਬਿਲਕੁਲ ਸਾਫ਼ ਅਤੇ ਸਿੱਧੀ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨ ਵਿੱਚ ਬੰਨ੍ਹਣਾ, ਉਸਦੀ ਅਸਲੀਅਤ ਨੂੰ ਘਟਾਉਣਾ ਹੈ। ਗੁਰੂ ਸਿੱਖਾਂ ਲਈ ਕੋਈ ਪਦਾਰਥ ਨਹੀਂ, ਕੋਈ ਕਿਤਾਬ ਨਹੀਂ, ਕੋਈ ਕਾਨੂੰਨੀ ਇਕਾਈ ਨਹੀਂ। ਉਹ ਜੀਵੰਤ ਸਿਧਾਂਤ ਹੈ, ਉਹ ਸਿੱਖ ਦਾ ਮਾਰਗ ਦਰਸ਼ਕ ਹੈ,ਉਹ ਸਿੱਖ ਅੰਦਰ ਦੀ ਰੋਸ਼ਨੀ ਹੈ,ਉਹ ਸਦੀਵੀ ਗੁਰੂ ਹੈ।ਜਦੋਂ ਤੁਹਾਡੀ ਸਰਕਾਰ ਇਹ ਕਨੂੰਨ ਬਣਾਵੇਗੀ ਤਾਂ ਜੁਗੋ ਜੁਗ ਅਟੱਲ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਕਾਨੂੰਨ ਦੇ ਦਾਇਰੇ ਅੰਦਰ ਲੈ ਕੇ ਆਉਣ ਦੀ ਪਰਕਿਰਿਆ ਦਾ ਮੁੱਢ ਬੱਝ ਜਾਵੇਗਾ,ਜਿਸਨੂੰ ਸਿੱਖ ਭਾਵਨਵਾਂ ਕਦੇ ਵੀ ਬਰਦਾਸਤ ਨਹੀ ਕਰਨਗੀਆਂ। ਜਦੋ ਇਹ ਕਨੂੰਨ ਬਣ ਜਾਵੇਗਾ ਫਿਰ ਅਦਾਲਤਾਂ ਵਿੱਚ ਇਸ ‘ਤੇ ਬਹਿਸ ਹੋਵੇਗੀ,ਕਿ ਕੀ ਬੇਅਦਬੀ ਹੋਈ ਜਾਂ ਨਹੀਂ, ਕਿੰਨੀ ਹੋਈ, ਕਿਵੇਂ ਹੋਈ,ਕਿਹੜੇ ਅੰਗ ਦੀ ਹੋਈ ਜਾਂ ਜਿਲਦ ਫਾੜੀ ਗਈ ਆਦਿ ਬੇਹੂਦਾ ਕਨੂੰਨੀ ਪੇਚੀਦਗੀਆਂ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਮਜਾਕ ਉਡਾਉਣਗੀਆਂ।ਸਿੱਖ ਸੱਭਿਆਚਾਰ,ਸਿੱਖ ਸਿਧਾਂਤਾਂ ਅਤੇ ਸਿੱਖ ਵਿਚਾਰਧਾਰਾ ਤੋ ਅਸਲੋਂ ਕੋਰੇ ਜੱਜ ਅਤੇ ਵਕੀਲ ਇਸ ਦੀ ਵਿਆਖਿਆ ਕਰਨਗੇ। ਕੀ ਤੁਸੀਂ ਸੋਚ ਸਕਦੇ ਹੋ ਕਿ ਕੱਲ੍ਹ ਨੂੰ ਇੱਕ ਅਦਾਲਤ ਇਹ ਤੈਅ ਕਰੇ ਕਿ ਗੁਰੂ ਦੇ ਕਿਸ ਅੰਗ ਦੀ ਬੇਅਦਬੀ ਹੋਈ ਅਤੇ ਕਿਸ ਦੀ ਨਹੀਂ? ਕੀ ਇਹ ਉਸ ਰੁਹਾਨੀ ਫਲਸਫੇ ਦੀ ਤੌਹੀਨ ਨਹੀ ਹੋਵੇਗੀ ? ਅਸੀ ਇਹ ਪਿਛਲੇ ਤੁਜੱਰਬਿਆਂ ਚ ਦੇਖ ਲਿਆ ਹੈ ਕਿ ਜਦੋਂ ਵੀ ਧਰਮ ਨੇ ਰਾਜ ਦੇ ਕਾਨੂੰਨਾਂ ‘ਤੇ ਨਿਰਭਰ ਕੀਤਾ ਹੈ, ਰਾਜ ਨੇ ਧਰਮ ਨੂੰ ਆਪਣੇ ਨਿਯੰਤਰਣ ਵਿੱਚ ਲੈ ਲਿਆ ਹੈ।

ਅੱਜ ਤੁਸੀਂ ਕਾਨੂੰਨ ਬਣਾਉਗੇ, ਕੱਲ੍ਹ ਕੋਈ ਹੋਰ ਸਰਕਾਰ ਉਸੇ ਕਾਨੂੰਨ ਦੀ ਆੜ ਵਿੱਚ ਇਹ ਤੈਅ ਕਰੇਗੀ ਕਿ ਗੁਰੂ ਦਾ ਪ੍ਰਕਾਸ਼ ਕਿੱਥੇ ਹੋਵੇ, ਕਿਵੇਂ ਹੋਵੇ, ਕਿਹੜੀ ਮਰਯਾਦਾ ਕਾਨੂੰਨੀ ਹੈ ਅਤੇ ਕਿਹੜੀ ਨਹੀਂ।ਕੀ ਇਹ ਗਰੰਥ ਅਤੇ ਪੰਥ ਦੀ ਸੁਤੰਤਰਤਾ ਲਈ ਖ਼ਤਰਾ ਨਹੀਂ ? ਸਿੱਖਾਂ ਦੇ ਧਾਰਮਿਕ ਮਸਲਿਆਂ ਨੂੰ ਨਜਿੱਠਣ ਲਈ ਮੀਰੀ ਪੀਰੀ ਦੇ ਸਿਧਾਂਤਕਾਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਲਈ ਸਰਬ ਉੱਚ ਰੁਹਾਨੀ ਸੰਸਥਾ ਸਥਾਪਤ ਕੀਤੀ ਹੈ,ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਲਈ ਸਰਬ ਉੱਚ ਹੈ, ਇਸ ਦੇ ਮੁਕਾਬਲੇ ਦੀ ਗੁਸਤਾਖੀ ਤੁਹਾਨੂੰ ਉਹਨਾਂ ਲੋਕਾਂ ਦੀ ਕਤਾਰ ਵਿੱਚ ਖੜਾ ਕਰ ਦੇਵੇਗੀ,ਜਿਹੜੇ ਸਦੀਵੀ ਕਾਲ ਤੱਕ ਦੇ ਇਤਿਹਾਸ ਵਿੱਚ ਕੌਮ ਦੀ ਨਫਰਤ ਦੇ ਪਾਤਰ ਰਹਿਣਗੇ।

ਮੰਨਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਨੂੰ ਪਹਿਲਾਂ ਹੀ ਭਾਰਤੀ ਤਾਕਤਾਂ ਨੇ ਕਮਜੋਰ ਕਰਨ ਦੇ ਕੋਈ ਵੀ ਮੌਕੇ ਖੁੰਜਣ ਨਹੀ ਦਿੱਤੇ ਜਾ ਰਹੇ,ਪਰ ਇਸ ਦੇ ਬਾਵਜੂਦ ਵੀ ਇਸ ਮਹਾਨ ਸੰਸਥਾ ਦੀ ਆਪਣੀ ਮਰਯਾਦਾ ਅਤੇ ਸਿਧਾਂਤ ਹਨ। ਸਰੋਮਣੀ ਕਮੇਟੀ ਦੇ ਪਰਬੰਧ ਵਿੱਚ ਲੱਖ ਕਮੀਆਂ ਹੋਣ ਦੇ ਬਾਵਜੂਦ ਵੀ ਸਿੱਖ ਕੌਮ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੈ। ਇੱਥੋ ਦੇ ਸਿਧਾਂਤ ਤੋ ਮੁਨਕਰ ਹੋਣਾ ਸਿੱਖ ਲਈ ਮਰਨ ਬਰਾਬਰ ਹੈ। ਇਸ ਲਈ ਇੱਥੇ ਹੋਣ ਵਾਲੇ ਫੈਸਲੇ ਸਿਰ ਮੱਥੇ ਹੁੰਦੇ ਹਨ।ਸਿੱਖਾਂ ਦੀ ਇਹ ਮੁੱਢ ਕਾਲ ਤੋ ਪਰੰਪਰਾ ਰਹੀ ਹੈ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਦੇ ਫੈਸਲੇ ਇੱਥੋਂ ਦੀ ਮਰਿਯਾਦਾ ਅਧੀਨ ਹੀ ਹੁੰਦੇ ਹਨ। ਜੇ ਕਾਨੂੰਨ ਦੇ ਜ਼ਰੀਏ ਇਹ ਅਧਿਕਾਰ ਅਦਾਲਤਾਂ ਵੱਲ ਤਵਦੀਲ ਹੋ ਗਿਆ, ਤਾਂ ਫਿਰ ਅਕਾਲ ਤਖ਼ਤ ਦੀ ਅਹਿਮੀਅਤ ਕਿੱਥੇ ਰਹਿ ਜਾਵੇਗੀ ? ਇਹ ਹੀ ਤਾਂ ਕੌਮ ਦੀ ਵਿਲੱਖਣਤਾ ਹੈ ,ਜਿਸ ਨੂੰ ਢਾਹ ਲਾਉਣ ਲਈ ਲੰਮੇ ਸਮੇ ਤੋ ਕੋਸ਼ਿਸ਼ਾਂ ਹੋ ਰਹੀਆਂ ਹਨ।ਪਰ ਇਹ ਸੱਚ ਵੀ ਹੈ, ਕਿ ਬੇਅਦਬੀ ਦੇ ਮਾਮਲੇ ਸਿਰਫ਼ ਕਾਨੂੰਨ ਦੀ ਕਮੀ ਕਰਕੇ ਨਹੀਂ ਹੋ ਰਹੇ। ਬਲਕਿ ਪ੍ਰਬੰਧ ਦੀ ਕਮੀ ਕਰਕੇ ਵੀ ਹੋ ਰਹੇ ਹਨ। ਜਿੱਥੇ ਨਿਗਰਾਨੀ ਕਮਜ਼ੋਰ ਹੁੰਦੀ ਹੈ, ਓਥੇ ਇਹ ਘਟਨਾਵਾਂ ਵਾਪਰਦੀਆਂ ਹਨ। ਜਿੱਥੇ ਸੰਗਤ ਜਾਗਦੀ ਹੈ, ਓਥੇ ਕੋਈ ਹਿੰਮਤ ਨਹੀਂ ਕਰ ਸਕਦਾ। ਮੁੱਖ ਮੰਤਰੀ ਜੀ, ਜੇ ਤੁਸੀਂ ਸੱਚਮੁੱਚ ਇਸ ਮਸਲੇ ਦਾ ਹੱਲ ਚਾਹੁੰਦੇ ਹੋ, ਤਾਂ ਕਾਨੂੰਨ ਬਣਾਉਣ ਤੋਂ ਪਹਿਲਾਂ ਬਤੌਰ ਸਿੱਖ ਇਹ ਸਵਾਲ ਦਾ ਜਵਾਬ ਲੱਭੋ,ਅਜੇ ਤੱਕ ਜਿਹੜੀਆਂ ਘਟਨਾਵਾਂ ਵਾਪਰੀਆਂ, ਉਹਨਾਂ ਦੇ ਦੋਸ਼ੀ ਫੜੇ ਕਿਉਂ ਨਹੀਂ ਗਏ ? ਕੀ ਉਹਨਾਂ ਲਈ ਕਾਨੂੰਨ ਨਹੀਂ ਸੀ ? ਜਾਂ ਉਹਨਾਂ ਤੇ ਲੱਗੀਆਂ ਧਾਰਾਵਾਂ ਸਜ਼ਾ ਦਿਵਾਉਣ ਦੇ ਸਮਰੱਥ ਨਹੀ ਹਨ ? ਜਦੋਂ ਕਤਲ ਵਰਗੀਆਂ ਸਖਤ ਧਰਾਵਾਂ ਜਿੰਨਾਂ ਦੀ ਸਜਾ ਉਮਰ ਕੈਦ ਅਤੇ ਫਾਂਸੀ ਤੱਕ ਹੋ ਸਕਦੀ ਹੈ,ਲੱਗੀਆਂ ਹੋਣ ਦੇ ਬਾਵਜੂਦ ਬੇਅਦਬੀਆਂ ਦੇ ਦੋਸ਼ੀ ਮਹਿਫੂਜ ਰਹਿ ਸਕਦੇ ਹਨ, ਫਿਰ ਤੁਹਾਡਾ ਨਵਾਂ ਕਨੂੰਨ ਜਿਸ ਦੇ ਵਿੱਚ ਤੁਸੀ ਦਾਅਵਾ ਹੀ 10 ਸਾਲ ਦੀ ਸਜ਼ਾ ਦਾ ਕਰ ਰਹੇ ਹੋ ਕੀ ਇਨਸਾਫ ਦੇ ਸਕਦਾ ਹੈ ? ਮਾਨ ਸਾਹਬ ! ਤੁਹਾਡੀ ਨਵੇਂ ਕਾਨੂੰਨ ਬਣਾਉਣ ਨਾਲੋਂ ਵੱਡੀ ਜ਼ਿੰਮੇਵਾਰੀ ਹੈ ਮੌਜੂਦਾ ਕਾਨੂੰਨਾਂ ਨੂੰ ਲਾਗੂ ਕਰਨਾ। ਜੇ ਦੋਸ਼ੀ ਫੜੇ ਜਾਣ ਅਤੇ ਸਜ਼ਾ ਮਿਲੇ, ਤਾਂ ਡਰ ਆਪਣੇ ਆਪ ਬਣਦਾ ਹੈ। ਪਰ ਜੇ ਦੋਸ਼ੀ ਬਚ ਜਾਂਦੇ ਹਨ, ਤਾਂ ਕਾਨੂੰਨ ਅਪਾਹਜ ਹੋਕੇ ਰਹਿ ਜਾਂਦਾ ਹੈ।ਇਸ ਮਸਲੇ ਨੂੰ ਇੱਕ ਹੋਰ ਢੰਗ ਨਾਲ ਵੀ ਦੇਖਣ ਦੀ ਲੋੜ ਹੈ। ਕਾਨੂੰਨ ਦਾ ਕੇਂਦਰ ਗੁਰੂ ਨਹੀਂ, ਅਪਰਾਧੀ ਹੋਣਾ ਚਾਹੀਦਾ ਹੈ।

“ਬੇਅਦਬੀ ਕਾਨੂੰਨ” ਦੇ ਨਾਂ ‘ਤੇ ਗੁਰੂ ਨੂੰ ਕਾਨੂੰਨੀ ਪਰਿਭਾਸ਼ਾ ਵਿੱਚ ਲਿਆਉਣਾ ਇੱਕ ਵੱਡੀ ਗਲਤੀ ਹੋਵੇਗੀ। ਇਸਦੀ ਬਜਾਏ ਇਸਨੂੰ “ਨਫ਼ਰਤੀ ਅਪਰਾਧ” ਦੇ ਤਹਿਤ ਲਿਆ ਜਾਵੇ,ਜਿੱਥੇ ਸਜ਼ਾ ਉਸ ਮਨਸੂਬੇ ਨੂੰ ਮਿਲੇ ਜੋ ਸਮਾਜ ਵਿੱਚ ਫ਼ੁੱਟ ਪੈਦਾ ਕਰਦਾ ਹੈ।ਇਸ ਨਾਲ ਗੁਰੂ ਗਰੰਥ ਅਤੇ ਪੰਥ ਦੀ ਆਨ ਸ਼ਾਨ ਵੀ ਕਾਇਮ ਰਹੇਗੀ ਅਤੇ ਕਾਨੂੰਨ ਵੀ ਆਪਣਾ ਕੰਮ ਕਰੇਗਾ।ਇਸਦੇ ਨਾਲ ਨਾਲ, ਕਾਨੂੰਨ ਵਿੱਚ ਇਹ ਸਪੱਸ਼ਟ ਲਿਖਿਆ ਜਾਣਾ ਚਾਹੀਦਾ ਹੈ ਕਿ ਗੁਰੂ ਦੀ ਮਰਯਾਦਾ ਦਾ ਫ਼ੈਸਲਾ ਸਿਰਫ਼ ਪੰਥਕ ਸੰਸਥਾਵਾਂ ਕਰ ਸਕਦੀਆਂ ਹਨ, ਨਾ ਕਿ ਅਦਾਲਤਾਂ। ਇਹ ਲਕੀਰ ਖਿੱਚਣੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਕੱਲ੍ਹ ਨੂੰ ਇਹ ਲਕੀਰ ਮਿਟ ਜਾਵੇਗੀ।ਮੁੱਖ ਮੰਤਰੀ ਸਾਹਿਬ ! ਇਸ ਮਸਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਇਹ ਸਿਰਫ਼ ਇੱਕ ਪ੍ਰਬੰਧਕ ਸੰਸਥਾ ਨਹੀਂ, ਇਹ ਪੰਥ ਦੀ ਰਹਿਨੁਮਾਈ ਕਰਨ ਵਾਲੀ ਜਮਾਤ ਹੈ। ਇਸ ਨੂੰ ਕਾਨੂੰਨ ਦੀ ਮੰਗ ਕਰਨ ਦੀ ਬਜਾਏ, ਸੰਗਤ ਨੂੰ ਜਾਗਰੂਕ ਕਰਨ ਦੀ ਲੋੜ ਹੈ।ਹਰ ਪਿੰਡ ਵਿੱਚ ਗੁਰਦੁਆਰਾ ਇੱਕ ਚੇਤਨਤਾ ਦਾ ਕੇਂਦਰ ਹੀ ਨਹੀ ਲੋੜ ਪੈਣ ਤੇ ਕਿਲਾ ਵੀ ਬਣ ਸਕਦਾ ਹੈ। ਜੇ ਸੰਗਤ ਖੁਦ ਸੁਚੇਤ ਹੋ ਜਾਵੇ, ਤਾਂ ਕੋਈ ਬਾਹਰੀ ਤਾਕਤ ਬੇਅਦਬੀ ਕਰਨ ਦੀ ਹਿੰਮਤ ਨਹੀਂ ਕਰੇਗੀ। ਇਹ ਸਮਾਂ ਬਹੁਤ ਨਾਜ਼ੁਕ ਹੈ।

ਇੱਕ ਗਲਤ ਫ਼ੈਸਲਾ ਸਿਰਫ਼ ਇੱਕ ਕਾਨੂੰਨ ਨਹੀਂ ਬਣਾਏਗਾ, ਇਹ ਇੱਕ ਅਜਿਹਾ ਰਸਤਾ ਖੋਲ੍ਹੇਗਾ ਜਿੱਥੋਂ ਗਰੰਥ ਅਤੇ ਪੰਥ ਦੀ ਸੁਤੰਤਰਤਾ ਖਤਰੇ ਵਿੱਚ ਪੈ ਜਾਵੇਗੀ॥ ਇਸ ਲਈ ਇਹ ਖੁਲਾ ਖ਼ਤ ਸਿਰਫ਼ ਇੱਕ ਅਪੀਲ ਨਹੀਂ, ਇੱਕ ਚੇਤਾਵਨੀ ਵੀ ਹੈ,ਕਿ ਤੁਸੀ ਬਤੌਰ ਸਿੱਖ ਬਹੁਤ ਸਾਵਧਾਨੀ ਨਾਲ ਕਦਮ ਚੁੱਕੋ। ਲੋਕਾਂ ਦੀਆਂ ਭਾਵਨਾਵਾਂ ਦਾ ਆਦਰ ਕਰੋ, ਪਰ ਉਸ ਰਾਹ ‘ਤੇ ਭੁੱਲ ਕੇ ਵੀ ਨਾ ਜਾਓ ਜਿੱਥੇ ਗੁਰੂ ਦੀ ਮਾਣ ਮਰਿਯਾਦਾ ਨੂੰ ਨੁਕਸਾਨ ਪਹੁੰਚੇ।ਸਰਕਾਰ ਦਾ ਕੰਮ ਗੁਰੂ ਦੀ ਰੱਖਿਆ ਕਰਨਾ ਨਹੀਂ, ਲੋਕਾਂ ਨੂੰ ਨਿਆਂ ਦੇਣਾ ਹੈ। ਦੋਸ਼ੀਆਂ ਨੂੰ ਫੜਨਾ ਹੈ, ਸਜ਼ਾ ਦੇਣੀ ਹੈ, ਅਤੇ ਇਹ ਯਕੀਨੀ ਬਣਾਉਣਾ ਹੈ ਕਿ ਅਜਿਹੀਆਂ ਘਟਨਾਵਾਂ ਦੂਹਰਾਈਆਂ ਨਾ ਜਾਣ।ਬਾਕੀ ਕੰਮ ਕੌਮ ਦਾ ਹੈ ਅਤੇ ਕੌਮ ਆਪਣੇ ਗੁਰੂ ਦੀ ਸੰਭਾਲ ਕਰਨ ਵਿੱਚ ਸਮਰੱਥ ਵੀ ਹੈ। ਮਾਨ ਸਾਹਿਬ ! ਇਹ ਤਾਕਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ।ਇੱਥੇ ਕੁੱਝ ਵੀ ਸਥਿਰ ਰਹਿਣ ਵਾਲਾ ਨਹੀ,ਨਾਂ ਹੀ ਤੁਸੀਂ ਅਤੇ ਨਾ ਹੀ ਤੁਹਾਡੀ ਰਾਜਸੀ ਤਾਕਤ,ਇਸ ਲਈ ਤੁਸੀ ਗੁਰੂ ਦੀ ਅਥਾਰਟੀ ਲਈ ਚੈਲਿੰਜ ਸਾਬਤ ਹੋਣ ਵਾਲਾ ਕਨੂੰਨ ਬਣਾ ਕੇ ਆਪਣੀਆਂ ਨਸਲਾਂ ਨੂੰ ਕੌਮ ਦੀ ਨਫਰਤ ਦੇ ਪਾਤਰ ਬਨਾਉਣ ਦੀ ਗਲਤੀ ਨਾ ਕਰਿਓ। ਲਾਹਨਤਾਂ ਪੱਲੇ ਪਵਾਉਣ ਨਾਲੋ ਦੂਰਅੰਦੇਸ਼ੀ ਨਾਲ ਅਜਿਹਾ ਹੱਲ ਕੱਢੋ ਜਿਸ ਨਾਲ ਅਜਿਹੇ ਸੰਵੇਦਨਸੀਲ ਮਸਲਿਆਂ ਦਾ ਅੰਤ ਹੋ ਜਾਵੇ,ਪਰੰਤੂ ਇਹਦੇ ਲਈ ਤੁਹਾਨੂੰ ਜਿਗਰੇ ਤੋ ਕੰਮ ਲੈਣਾ ਹੋਵੇਗਾ। ਬੇਅਦਬੀਆਂ ਦੇ ਦੋਸ਼ੀਆਂ ਨੂੰ ਮਿਸਾਲੀ ਸਜਾਵਾਂ ਦੇ ਦਿਓ,ਤੁਹਾਨੂੰ ਕੌਮ ਯਾਦ ਰੱਖੈਗੀ।ਫ਼ੈਸਲਾ ਤੁਹਾਡੇ ਹੱਥ ਵਿੱਚ ਹੈ। ਵਾਹਿਗੁਰੂ ਤੁਹਾਨੂੰ ਇਨਸਾਫ ਦੇਣ ਦਾ ਹੌਸਲਾ ਹਿੰਮਤ ਬਖਸ਼ੇ। ਭੁੱਲ ਚੁੱਕ ਦੀ ਖਿਮਾ।






# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



**Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ**

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




**e-Baba Entertainment App ਨੂੰ Download ਕਰੋ।**

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।





ਸਾਂਝੀ ਸੋਚ
ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969

# ਨਵੀਆਂ ਜਮਾਤਾਂ ਲਈ ਬਣਾਉ ਠੋਸ ਰਣਨੀਤੀ

ਮਾਰਚ ਮਹੀਨਾ ਆਪਣੇ ਆਖਰੀ ਦਿਨਾਂ ਵੱਲ ਜਿਵੇਂ ਜਿਵੇਂ ਵਧ ਰਿਹਾ ਹੈ ਤਾਂ ਅਪ੍ਰੈਲ ਮਹੀਨੇ ਦੀ ਰੌਸਨੀ ਦੀ ਕਿਰਨ ਨਾਲ ਜਿਥੇ ਵਿੱਤੀ ਸਾਲ 2026-2027 ਸ਼ੁਰੂ ਹੋ ਜਾਵੇਗਾ ਉਸ ਦੇ ਨਾਲ ਨਾਲ ਨਵੇਂ ਵਿੱਦਿਅਕ ਸੈਸ਼ਨ ਦੀ ਵੀ ਸ਼ੁਰੂਆਤ ਹੋ ਜਾਵੇਗੀ। ਕੁੱਝ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੇ ਤਾਂ ਆਪਣੇ ਸਕੂਲਾਂ ਦੀ ਦਾਖਿਲਾ ਮੁਹਿੰਮ ਨੂੰ ਹੁਲਾਰਾ ਦੇ ਵੀ ਦਿੱਤਾ ਹੈ ਪਰੰਤੂ ਬੋਰਡ ਦੀਆਂ ਜਮਾਤਾਂ ਦੇ ਰਹਿੰਦੇ ਇੱਕਾ ਦੁੱਕਾ ਪੇਪਰ ਹੋਣ ਬਾਅਦ ਦਾਖਿਲਾ ਮੁਹਿੰਮ ਹੋਰ ਰਫ਼ਤਾਰ ਫੜਦੀ ਨਜ਼ਰ ਆਵੇਗੀ। ਇਕੱਤੀ ਮਾਰਚ ਨੂੰ ਬੋਰਡ ਨੂੰ ਛੱਡ ਦੂਜੀਆਂ ਜਮਾਤਾਂ ਦੇ ਨਿਕਲੇ ਨਤੀਜੇ ਵਿਦਿਆਰਥੀਆਂ ਦੇ ਭਵਿੱਖ ਦਾ ਫੈਸਲਾ ਕਰਨਗੇ।ਪਾਸ ਹੋਏ ਵਿਦਿਆਰਥੀ ਅਗਲੀਆਂ ਜਮਾਤਾਂ ਦੀ ਤਿਆਰੀ ਕਰਨਗੇ ਜਦਕਿ ਅਸਫ਼ਲਤਾ ਦਾ ਸ਼ਿਕਾਰ ਹੋਏ ਵਿਦਿਆਰਥੀ ਮੁੜ ਪੁਰਾਣੀਆਂ ਜਮਾਤਾਂ ਵਿੱਚ ਬੈਠਣਗੇ। ਸਫਲਤਾ ਅਤੇ ਅਸਫ਼ਲਤਾ ਜ਼ਿੰਦਗੀ ਦਾ ਸਰਮਾਇਆ ਹਨ ਕਦੇ ਜਿੱਤਦੇ ਹਾਂ ਅਤੇ ਕਦੇ ਹਾਰਦੇ ਹਾਂ। ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਕੋਈ ਇੱਕ ਵਾਰ ਹਾਰਣ ਨਾਲ ਭਿਖਾਰੀ ਅਤੇ ਕੋਈ ਇੱਕ ਵਾਰ ਜਿੱਤਣ ਨਾਲ ਸਿਕੰਦਰ ਨਹੀਂ ਬਣ ਜਾਂਦਾ। ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਦੀ ਸ਼ੁਰੂਆਤ ਤੋਂ ਹੀ ਆਪਣੀ ਰਣਨੀਤੀ ਤਿਆਰ ਕਰਨੀ ਹੋਵੇਗੀ ਜਿਸ ਨਾਲ ਉਹ ਆਪਣੇ ਆਉਣ ਵਾਲੇ ਇਮਤਿਹਾਨਾਂ ਵਿੱਚ ਸਫਲਤਾ ਹਾਸਿਲ ਕਰ ਸਕਣ।

ਸਮਾਂ ਸਾਰਣੀ - ਵਿਦਿਆਰਥੀ ਜੀਵਨ ਵਿੱਚ ਸਮਾਂ ਸਾਰਣੀ ਦੀ ਮਹੱਤਤਾ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਸਕੂਲਾਂ ਵਿੱਚ ਹੀ ਅਸੀਂ ਦੇਖਦੇ ਹਾਂ ਕਿ ਜਮਾਤ ਵਿੱਚ ਟਾਈਮ ਟੇਬਲ ਬਣਿਆ ਹੁੰਦਾ ਹੈ ਜਿਸ ਤੇ ਕਿਹੜਾ ਵਿਸ਼ਾ ਕਦੋਂ ਅਤੇ ਕਿੰਨੇ ਵਜੇ ਪੜ੍ਹਾਇਆ ਜਾਵੇਗਾ ਉਸ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ, ਬਿਲਕੁਲ ਉਸੇ ਤਰ੍ਹਾਂ ਵਿਦਿਆਰਥੀਆਂ ਨੂੰ ਘਰ ਵਿੱਚ ਵੀ ਸਮਾਂ ਸਾਰਣੀ ਬਣਾਉਣੀ ਹੋਵੇਗੀ, ਕਿਹੜਾ ਵਿਸ਼ਾ ਕਿੰਨਾ ਸਮਾਂ ਪੜ੍ਹਨਾ ਹੈ, ਕਦੋਂ ਸੌਂਣਾ ਹੈ, ਕਦੋਂ ਖੇਡਣਾ ਹੈ ਇਸ ਬਾਰੇ ਪੂਰੀ ਅਗਾਊਂ ਤਿਆਰੀ ਕਰਨੀ ਹੋਵੇਗੀ।

ਸਕੂਲ ਵਿੱਚ ਹਾਜ਼ਰੀ ਪੂਰੀ ਰੱਖੋ - ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਲੋੜ ਅਨੁਸਾਰ ਹੀ ਛੁੱਟੀ ਲੈਣ। ਜ਼ਿਆਦਾ ਗੈਰ ਹਾਜ਼ਰੀ ਵਿਦਿਆਰਥੀਆਂ ਦੇ ਸਿਲੇਬਸ ਦਾ ਨੁਕਸਾਨ ਕਰਵਾ ਸਕਦੀ ਹੈ। ਮਾਪਿਆਂ ਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਉਹਨਾਂ ਦੇ ਬੱਚੇ ਲਗਾਤਾਰ ਸਕੂਲ ਜਾਣ।

ਮੋਬਾਇਲ ਅਤੇ ਸੋਸ਼ਲ ਮੀਡੀਏ ਦੀ ਵਰਤੋਂ - ਅਜੋਕਾ ਸਮਾਂ ਸੋਸ਼ਲ ਮੀਡੀਏ ਦਾ ਸਮਾਂ ਹੈ। ਨਿੱਕੇ ਨਿੱਕੇ ਹੱਥਾਂ ਵਿੱਚ ਫੜੇ ਮੋਬਾਇਲ ਤਕਨਾਲੋਜੀ ਦੇ ਯੁੱਗ ਦੀ ਨਿਸ਼ਾਨੀ ਹਨ।ਇਸ ਦੇ ਫਾਇਦੇ ਵੀ ਹਨ ਅਤੇ ਨੁਕਸਾਨ ਵੀ। ਪੜ੍ਹਾਈ ਕਰਨ ਲਈ ਅਤੇ ਕੁੱਝ ਸਿੱਖਣ ਲਈ ਇਹ ਵਰਦਾਨ ਹੈ ਪਰੰਤੂ ਲੋੜੋਂ ਵੱਧ ਸੋਸ਼ਲ ਮੀਡੀਏ ਤੇ ਸਰਗਰਮ ਹੋਣਾ ਭਵਿੱਖ ਦਾ ਵਿਨਾਸ਼ ਹੈ। ਬੱਚਿਆਂ ਨੂੰ ਲੋੜ ਅਨੁਸਾਰ ਮੋਬਾਇਲ ਅਤੇ ਸੋਸ਼ਲ ਮੀਡੀਏ ਦੀ ਵਰਤੋਂ ਸਬੰਧੀ ਜਾਗਰੂਕ ਕਰਨਾ ਹੋਵੇਗਾ,ਲੋੜ ਪਵੇ ਤਾਂ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਤੇ ਸਖ਼ਤਾਈ ਵਰਤਣੀ ਹੋਵੇਗੀ ਤਾਂ ਜੋ ਵਿਦਿਆਰਥੀ ਆਪਣਾ ਕੀਮਤੀ ਸਮਾਂ ਨਾ ਬਰਬਾਦ ਕਰ ਸਕਣ।

ਖੇਡਾਂ ਵੀ ਜ਼ਰੂਰੀ - ਹਲਕੀ ਫੁਲਕੀ ਕਸਰਤ ਦੇ ਨਾਲ ਨਾਲ ਬੈਡਮਿੰਟਨ, ਟੈਨਿਸ ਅਤੇ ਲੋੜ ਅਨੁਸਾਰ ਕੋਈ ਵੀ ਖੇਡ ਦਾ ਸਹਾਰਾ ਲਿਆ ਜਾ ਸਕਦਾ ਹੈ ਇਸ ਤਰ੍ਹਾਂ ਕਰਨ ਨਾਲ ਮਨ ਤਾਜ਼ਾ ਅਤੇ ਸ਼ਰੀਰ ਤੰਦਰੁਸਤੀ ਭਰਪੂਰ ਹੋਵੇਗਾ। ਇਨਡੋਰ ਗੇਮਾਂ ਦੀ ਬਜਾਏ ਆਊਟਡੋਰ ਗੇਮਾਂ ਜਿਵੇਂ ਫੁੱਟਬਾਲ, ਕ੍ਰਿਕਟ, ਐਥਲੈਟਿਕਸ,ਖੋ ਖੋ,ਅਤੇ ਕਬੱਡੀ ਵਰਗੀਆਂ ਰਵਾਇਤੀ ਖੇਡਾਂ ਖੇਡਣਾ ਵੀ ਲਾਹੇਵੰਦ ਸਾਬਿਤ ਹੋ ਸਕਦੀਆਂ ਹਨ।

ਸੰਤੁਲਿਤ ਭੋਜਨ ਜ਼ਰੂਰੀ - ਸ਼ਰੀਰ ਨੂੰ ਤੰਦਰੁਸਤ ਅਤੇ ਬਿਮਾਰੀਆਂ ਤੋਂ ਸਰੁੱਖਿਆ ਪ੍ਰਦਾਨ ਕਰਨ ਦੇ ਨਾਲ ਨਾਲ ਸ਼ਰੀਰ ਨੂੰ ਊਰਜਾ ਭਰਪੂਰ ਰੱਖਣ ਲਈ ਸੰਤੁਲਿਤ ਭੋਜਨ ਜਿਸ ਵਿੱਚ ਸ਼ਰੀਰ ਨੂੰ ਲੋੜ ਅਨੁਸਾਰ ਸਾਰੇ ਤੱਤ ਮੌਜੂਦ ਹੋਣ ਖਾਣੇ ਚਾਹੀਦੇ ਹਨ। ਜ਼ਿਆਦਾ ਤਲੇ ਅਤੇ ਘੀ ਭਰਪੂਰ ਚਰਬੀ ਵਾਲੇ ਪਦਾਰਥਾਂ ਖ਼ਾਸ ਕਰਕੇ ਫਾਸਟ ਫੂਡ ਤੋਂ ਪਰਹੇਜ਼ ਕਰਦੇ ਹੋਏ ਫ਼ਲ ਅਤੇ ਸਬਜ਼ੀਆਂ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ।

ਜਲਦੀ ਸੌਂਣਾ ਜਲਦੀ ਜਾਗਣਾ - ਅੰਗਰੇਜ਼ੀ ਵਿੱਚ ਇੱਕ ਕਥਨ ਬੜਾ ਮਸ਼ਹੂਰ ਹੈ ਕਿ Early to bed Early to rise keep the healthy and wise ਜਿਸਦਾ ਅਰਥ ਹੈ ਜ਼ਲਦੀ ਸੌਣ ਅਤੇ ਜ਼ਲਦੀ ਉੱਠਣ ਨਾਲ ਜਿਥੇ ਸ਼ਰੀਰ ਸਿਹਤਮੰਦ ਰਹਿੰਦਾ ਹੈ ਉਥੇ ਕੰਮ ਸਮੇਂ ਸਿਰ ਕਰਨ ਨਾਲ ਜ਼ਿੰਦਗੀ ਵੀ ਖੁਸ਼ੀਆਂ ਭਰਪੂਰ ਹੋ ਜਾਂਦੀ ਹੈ।ਇਸ ਲਈ ਵਿਦਿਆਰਥੀਆਂ ਨੂੰ ਦੇਰ ਰਾਤ ਤੱਕ ਪੜ੍ਹਣ ਦੀ ਬਜਾਏ ਸਵੇਰੇ ਜ਼ਲਦੀ ਉੱਠਣ ਦੀ ਆਦਤ ਪਾਉਣੀ ਚਾਹੀਦੀ ਹੈ।

ਈਰਖਾ ਤੋਂ ਬਣਾਉ ਦੂਰੀ - ਜਮਾਤ ਵਿੱਚ ਇੱਕ ਵਿਦਿਆਰਥੀ ਦੇ ਜ਼ਿਆਦਾ ਨੰਬਰ ਆਉਂਦੇ ਹਨ ਤਾਂ ਦੂਜੇ ਵਿਦਿਆਰਥੀ ਉਸ ਤੋਂ ਈਰਖਾ ਕਰਦੇ ਹੋਏ ਦੂਰੀ ਬਣਾ ਲੈਂਦੇ ਹਨ।ਰੱਬ ਨੇ ਸਾਨੂੰ ਸਾਰਿਆਂ ਨੂੰ ਇੱਕੋ ਜਿਹਾ ਦਿਮਾਗ਼ ਦਿੱਤਾ ਹੈ ਸਾਨੂੰ ਮਿਹਨਤ ਕਰਨੀ ਚਾਹੀਦੀ ਹੈ, ਮਿਹਨਤ ਕਰਕੇ ਅਸੀਂ ਵੀ ਚੰਗੇ ਨੰਬਰ ਹਾਸਿਲ ਕਰ ਸਕਦੇ ਹਾਂ। ਈਰਖਾ ਕਰਨ ਦੀ ਬਜਾਏ ਵਿਦਿਆਰਥੀਆਂ ਨੂੰ ਆਪਣੀ ਪੀੜ੍ਹੀ ਥੱਲੇ ਸੋਟਾ ਮਾਰਦੇ ਹੋਏ ਆਪਣੀ ਵਿਚਲੀ ਕਮੀਂ ਲੱਭਣੀ ਚਾਹੀਦੀ ਹੈ ਜਿਸ ਨੂੰ ਦੂਰ ਕਰਕੇ ਚੰਗੇ ਅਤੇ ਸਫ਼ਲ ਵਿਦਿਆਰਥੀਆਂ ਦੇ ਰਾਹ ਤੇ ਤੁਰਿਆ ਜਾ ਸਕੇ।




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਮੌਤ ਚੰਗੀ ਆ

ਪਿਛਲੇ ਇਕ ਮਹੀਨੇ ਤੋਂ ਮੈਂ ਮਲੇਰੀਆ ਨਾਲ ਪੀੜਤ ਸਾਂ। ਇਸ ਸਮੇਂ ਦੌਰਾਨ ਮੇਰੀ ਭੂਆ ਦੇ ਸਭ ਤੋਂ ਛੋਟੇ ਲੜਕੇ ਜਸਵੀਰ ਦੀ ਮੌਤ ਹੋ ਗਈ ਸੀ। ਸਿਹਤ ਠੀਕ ਨਾ ਹੋਣ ਕਾਰਨ ਮੈਂ ਨਾ ਤਾਂ ਉਸ ਦੇ ਸਸਕਾਰ ਤੇ ਅਤੇ ਨਾ ਹੀ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਸਕਿਆ ਸਾਂ। ਅੱਜ ਕੁਝ ਚੰਗਾ ਮਹਿਸੂਸ ਕਰ ਰਿਹਾ ਸਾਂ। ਇਸ ਕਰਕੇ ਮੈਂ ਜਸਵੀਰ ਦੀ ਮੌਤ ਦਾ ਅਫਸੋਸ ਕਰਨ ਲਈ ਉਸ ਦੇ ਘਰ ਪਹੁੰਚ ਗਿਆ ਸਾਂ। ਮੈਨੂੰ ਆਇਆ ਦੇਖ ਕੇ ਜਸਵੀਰ ਦਾ ਮੁੰਡਾ ਮੇਰੀ ਭੂਆ ਦੇ ਵੱਡੇ ਲੜਕੇ ਨੂੰ ਵੀ ਸੱਦ ਲਿਆਇਆ। ਉਸ ਨੇ ਅਫਸੋਸ ਦੀਆਂ ਗੱਲਾਂ ਕਰਦਿਆਂ ਆਖਿਆ," ਮਾਸਟਰ ਜੀ, ਤੁਹਾਨੂੰ ਪਤਾ ਹੀ ਆ, ਮੇਰਾ ਛੋਟਾ ਭਰਾ ਪਿਛਲੇ ਚਾਰ ਸਾਲ ਤੋਂ ਚੂਲਾ ਟੁੱਟਣ ਕਰਕੇ ਮੰਜੇ ਤੇ ਪਿਆ ਸੀ। ਉਹ ਨਾ ਤਾਂ ਤੁਰ ਸਕਦਾ ਸੀ, ਨਾ ਚੰਗੀ ਤਰ੍ਹਾਂ ਬੈਠ ਸਕਦਾ ਸੀ। ਉਹ ਟੱਟੀ, ਪੇਸ਼ਾਬ ਮੰਜੇ ਤੇ ਹੀ ਕਰਦਾ ਸੀ। ਉਸ ਦੀ ਪਤਨੀ ਤੇ ਬੱਚਿਆਂ ਨੂੰ ਹੀ ਪਤਾ ਆ, ਉਨ੍ਹਾਂ ਨੇ ਚਾਰ ਸਾਲ ਕਿਵੇਂ ਗੁਜ਼ਾਰੇ ਆ। ਉਹ ਉਸ ਨੂੰ ਦਿਨ ਨੂੰ ਵੀ ਸੰਭਾਲਦੇ ਸਨ ਤੇ ਰਾਤ ਨੂੰ ਵੀ। ਫੇਰ ਘਰ ਦਾ ਸਾਰਾ ਕੰਮ ਵੀ ਕਰਦੇ ਸਨ। ਹੁਣ ਤਾਂ ਉਸ ਦੇ ਸਰੀਰ ਤੇ ਟਾਕੀਆਂ ਵੀ ਪੈ ਗਈਆਂ ਸਨ। ਲੋਕ ਕਹਿੰਦੇ ਆ, ਮੌਤ ਮਾੜੀ ਆ ਪਰ ਮੈਂ ਕਹਿੰਨਾਂ, ਮੌਤ ਚੰਗੀ ਆ ਜਿਸ ਨੇ ਮੇਰੇ ਛੋਟੇ ਭਰਾ ਨੂੰ ਇਸ ਨਰਕ ਭਰੀ ਜ਼ਿੰਦਗੀ ਚੋਂ ਕੱਢ ਦਿੱਤਾ ਆ।" ਜਸਵੀਰ ਦੇ ਸਸਕਾਰ ਤੇ ਅਤੇ ਅੰਤਮ ਅਰਦਾਸ ਵਿੱਚ ਸ਼ਾਮਲ ਨਾ ਹੋਣ ਦਾ ਜਿਹੜਾ ਬੋਝ ਮੇਰੇ ਮਨ ਤੇ ਸੀ, ਉਹ ਆਪਣੀ ਭੂਆ ਦੇ ਵੱਡੇ ਲੜਕੇ ਦੀਆਂ ਭਾਵਪੂਰਤ ਗੱਲਾਂ ਸੁਣ ਕੇ ਲਹਿ ਗਿਆ ਸੀ।



ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਲਾਅਨਤ

ਝੂਠੇ ਕੋੜੇ ਉੱਤੇ ਲਾਅਨਤ...
ਖੋਟੇ ਬੰਦੇ ਉੱਤੇ ਲਾਅਨਤ...
ਧਰਤੀ ਦਾ ਜੋ ਮਾੜਾ ਸੋਚੇ
ਓਸ ਵਡੇਰੇ ਉੱਤੇ ਲਾਅਨਤ...
ਇੱਜ਼ਤਾਂ ਗਿਰਵੀ ਰੱਖ ਕੇ ਖਾਧੇ
ਇੱਕ ਇੱਕ ਲੁਕਮੇ ਉੱਤੇ ਲਾਅਨਤ...
ਧਰਮ ਦਾ ਜੋ ਨੁਕਸਾਨ ਏ ਕਰਦਾ
ਇਸ ਏਜੰਡੇ ਉੱਤੇ ਲਾਅਨਤ...
ਪਾਸ ਨਈਂ ਇੱਜ਼ਤਾਂ ਦਾ ਫਿਰ, ਤੇਰੇ
ਤੌਰ ਤਰੀਕੇ ਉੱਤੇ ਲਾਅਨਤ...
ਘਰਾਂ ਚੋਂ ਚੁੱਕ ਲਓ ਉਹਨਾਂ ਨੂੰ
ਤੇਰੇ ਫ਼ਿਕਰੇ ਉੱਤੇ ਲਾਅਨਤ...
ਆਲਮ ਵੀ ਨਾ ਨਜ਼ਰੀ ਆਏ
ਇੰਜ ਦੇ ਅੰਨ੍ਹੇ ਉੱਤੇ ਲਾਅਨਤ...
ਚਾਰਦੀਵਾਰੀ ਪਾਮਾਲ ਏ ਕੀਤੀ
ਜਿਸ, ਇਸ ਅਮਲੇ ਉੱਤੇ ਲਾਅਨਤ...
ਜਿਸ ਲੁੱਟਿਆ ਧਰਤੀ ਨੂੰ ਹਰ ਉਸ
ਚੋਰ ਲੁਟੇਰੇ ਉੱਤੇ ਲਾਅਨਤ...
ਯਾਰ ਬਜ਼ੁਰਗ ਵੀ ਨਾ ਵੇਖੇ ਜਿਸ
ਢੇਰ ਕਮੀਨੇ ਉੱਤੇ ਲਾਅਨਤ...

**ਰੂਮੀ ਬੇਗ ਮਿਰਜ਼ਾ ਗੁਜਰਾਤੀ**

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency
CST # 207524-40

Special Fares To India From West-coast (us) On Air India Direct Flights




## LOWEST AIRFARES FROM USA TO INDIA

★Travel Insurance ★ Great last Minute Deals★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US
## (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


JK TYRE INC
JKTYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੇਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

Where Hope Meets

IMMIGRATION OPPORTUNITIES

USA SERVICES :

CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :

Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

SANJHI SOCH TV & DAILY NEWSPAPER



TO EXPAND YOUR BUSINESS IN INDIAN COMMUNITY




Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260